ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥
ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ।

# ਖ਼ਾਲਸਾ ਸਮਾਚਾਰ
# Khalsa Samachar

Rs. 5/-

ਸਪਤਾਹਿਕ/Weekly | ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ | Founded by Bhai Vir Singh in 1899 | www.bvsss.org

Issue 26, 1-7 July, 2021, Vol. 31

**Subscription in INR :** India Yearly 250/-, Life 2500/- | Abroad Yearly 2500/-, Life 25000/-

ਅੰਕ ੨੬, ੧-੭ ਜੁਲਾਈ ੨੦੨੧, ਜਿਲਦ ੩੧ | ੧੭-੨੩ ਹਾੜ ੨੦੭੮, ਨਾਨਕਸ਼ਾਹੀ ਸੰਮਤ ੫੫੩

ਸਿਰਜਨਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ : 2 ਜੁਲਾਈ

## ਅਕਾਲ ਬੁੰਗਾ


❖ ਭਾਈ ਸਾਹਿਬ ਭਾਈ ਵੀਰ ਸਿੰਘ

ਜਿੱਥੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀਵਾਨ ਲਾਉਂਦੇ, ਓਹ ਥਾਂ ਹੈ ਦਰਸ਼ਨੀ ਦਰਵਾਜ਼ੇ ਦਾ ਅਗਲਾ ਮੈਦਾਨ। ਇਸਦੇ ਪਰਲੇ ਪਛਮੀ ਸਿਰੇ ਆਪ ਦਾ ਸਿੰਘਾਸਨ ਲਗਦਾ ਸੀ ਜਿਸ ਪਰ ਬਿਰਾਜ ਜਾਂਦੇ ਤੇ ਦੁਆਲੇ ਦੀਵਾਨ ਸਜ ਜਾਂਦਾ। ਇਸ ਸਿੰਘਾਸਨ ਵਾਲੀ ਥਾਂ ਹੁਣ ਤਖਤ ਰਚਨ ਦੀ ਵਿਚਾਰ ਹੋਈ।

ਪੱਕੀ ਇਮਾਰਤ ਦਾ ਇਕ ਇਸ ਪ੍ਰਕਾਰ ਦਾ ਤਖਤ ਰਚਿਆ ਗਿਆ ਜੋ ਉਸ ਪਰ ਬਿਰਾਜੇ ਸਭ ਨੂੰ ਦਰਸ਼ਨ ਹੋਣ। ਇਸ ਪਰ ਛਤ ਦਾ ਪ੍ਰਬੰਧ ਬੀ ਕੀਤਾ ਗਿਆ ਜੋ ਮੀਂਹ ਕਣੀ ਵੇਲੇ ਸੁੱਖ ਹੋਵੇ। ਤਖਤ ਦੇ ਉਦਾਲੇ ਸਲਾਹ ਮਸ਼ਵਰੇ ਵੇਲੇ ਨਿਕਟੀ ਵਰਤੀ ਬੈਠ ਜਾਣ ਤੇ ਪੈਹਰਾ ਬੀ ਲਗ ਸਕੇ। ਤੇ ਆਮ ਦੀਵਾਨ ਵੇਲੇ ਮੈਦਾਨ ਵਿਚ ਬੈਠੀਆਂ ਸੰਗਤਾਂ, ਫੌਜਾਂ ਅਤੇ ਪ੍ਰੇਮੀਆਂ ਨੂੰ ਦਰਸ਼ਨ ਹੋਣ, ਵਾਰਾਂ ਸੁਣੀਆਂ ਜਾਣ ਤੇ ਸਤਿਗੁਰੂ ਦੇ ਉਪਦੇਸ਼ ਸੁਣੇ ਜਾਣ, ਸਿਖ ਸੰਗਤਾਂ ਪੇਸ਼ ਹੋ ਸਕਣ, ਮੇਵੜਾ ਅਰਦਾਸੇ ਕਰ ਸਕੇ। ਇਹ ਤਖਤ ੧੬੬੬ ਬਿ: ਹਾੜ ਦੀ ਪੰਜ (1609 ਈਸਵੀ) ਨੂੰ ਰਚਨਾ ਅਰੰਭ ਹੋਇਆ। ਇਸ ਦਾ ਨਾਉਂ ਅਕਾਲ ਬੁੰਗਾ ਰਖਿਆ ਗਿਆ। ਪਹਿਲਾ ਤਖਤ ਹੋਣ ਕਰਕੇ ਇਸ ਨੂੰ ਅਕਾਲ ਤਖਤ ਬੀ ਆਖਦੇ ਹਨ।

ਅੰਦਰ............


- ਸਾਖੀ ਪਿਆਰਾ ਸਿੰਘ ਪਦਮ ਦੀ 3
- Sikhs are Different 7
- ਸੰਤ ਬਿਮਲਾ ਸਿੰਘ: ਗਈ ਬਹੋੜ 9
- ਸੌ ਸਾਲ ਪਹਿਲਾਂ: ਅਕਾਲੀ ਦਲ ਦੇ ਗੁਰਮਤੇ 10
- ਸ਼ਬਦ ਵਿਆਖਿਆ 11
- ਰਿਪੋਰਟ: ਸੋਨੀਆ ਧਾਮੀ ਵੱਲੋਂ ਪੇਸ਼ਕਾਰੀ ਅਤੇ ਲੈਕਚਰ 12

ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ

## ਸੱਧਰ ਪੂਰੀ ਹੋਈ

ਸਿੱਖ ਤਾਂ ਚੜ੍ਹਦੇ ਤੋਂ ਚੜ੍ਹਦੇ ਕਹਿਣੀ, ਰਹਿਣੀ, ਬਹਿਣੀ ਦੇ ਸੂਰਮੇਂ ਗੁਰੂ ਕੇ ਦੁਆਰੇ ਸੇ, ਪਰ ਭਾਈ ਸਾਈਂ ਦਾਸ ਤੇ ਰਾਮੋ ਦੇ ਹਿਰਦੇ ਕੁਛ ਗੁਰੂ ਜੀ ਦੇ ਪ੍ਰੇਮ ਨਾਲ ਐਸੇ ਖਿੱਚੇ ਗਏ ਸੇ ਕਿ ਜਿਸਦਾ ਸਮਝਣਾ ਕਠਨ ਹੈ, ਅੱਠੇ ਪਹਿਰ ਉਨ੍ਹਾਂ ਦੀ ਸੁਰਤ ਗੁਰੂ ਚਰਨਾਂ ਵਿਚ ਖਿੱਚੀ ਰਹਿੰਦੀ ਅਰ ਗੁਰ ਮੂਰਤ ਅੰਗ ਸੰਗ ਰਹਿੰਦੀ, ਇਹੋ ਜਾਪਦਾ ਕਿ ਗੁਰੂ ਜੀ ਔਹ ਖਲੋਤੇ ਹਨ। ਬੈਠੇ

ਬੈਠੇ ਸਜਲ ਨੇਤ੍ਰ ਹੋ ਜਾਣਾ ਤੇ ਐਸੀ ਧੂਹ ਮਿਲਨ ਦੀ ਪੈਣੀ ਕਿ ਖਾਣ ਪੀਣ ਕੰਮ ਕਾਜ ਭੁੱਲ ਜਾਣਾ। ਹਰ ਵੇਲੇ ਐਉਂ ਭਾਸਦਾ ਕਿ ਆਪਣਾ ਆਪ ਤਾਂ ਰਿਹਾ ਨਹੀਂ ਤੇ ਗੁਰੂ ਆਪੇ ਵਿਚ ਵੱਸ ਰਿਹਾ ਹੈ। ਖਿੱਚ ਦੇ ਮਗਰ ਐਵੇਂ ਉੱਠਕੇ ਤੁਰ ਪੈਣਾ ਤੇ ਫੇਰ ਸੋਚ ਪੈਣੀ: ਆਗਿਆ ਨਹੀਂ ਲਈ, ਤਦ ਕਦਮ ਮੋੜਨੇ। ਜਦੋਂ ਅਕਾਲ ਬੁੰਗੇ ਦੀ ਰਚਨਾ ਹੋਈ ਤੇ ਸੰਗਤਾਂ ਵਿਚ ਪ੍ਰਸਿੱਧ ਹੋਇਆ ਕਿ ਮੀਰੀ ਪੀਰੀ ਦਾ ਤਖਤ ਬਣਨ ਲੱਗਾ ਹੈ, ਤਦੋਂ ਭਾਈ ਜੀ ਡਲੇ ਸਨ, ਖਬਰ ਸੁਣੀ, ਜੀ ਸੇਵਾ ਨੂੰ ਉਛਲਜਾ, ਪਰ ਆਗਿਆ ਨਹੀਂ ਸੀ, ਇਸ ਕਰਕੇ ਜਾਣੋਂ ਰੁਕੇ, ਪਰ ਮਨ ਦੀ ਦਸ਼ਾ ਕੀ ਹੋਈ, ਕਿ ਹਰ ਵੇਲੇ ਐਉਂ ਭਾਸੇ ਜਿਕੂੰ ਟੋਕਰੀ ਮੋਢੇ ਤੇ ਹੈ, ਤੇ ਇੱਟਾਂ ਢੋ ਰਹੇ ਹਾਂ ਤੇ ਬਾਣੀ ਪੜ੍ਹ ਰਹੇ ਹਾਂ।

ਇਸ ਸਿਕ ਭਰੇ ਅਵਸਰ ਵਿਚ ਰਾਮੋ ਨੇ ਆਪਨੀ ਸੱਧਰ ਐਵੇਂ ਨਾ ਜਾਣ ਦਿੱਤੀ, ਇਕ ਗਾੜੇ ਰੇਸ਼ਮ ਦੀ ਦਰਜਾਈ ਮੰਗਾਈ, ਅਰ ਤਿੱਲੇ ਦੀ ਕਾਢ ਨਾਲ ਉਸਦੀ ਸੁੰਦ੍ਰਤਾ ਵਧਾਉਣੀ ਅਰੰਭ ਦਿੱਤੀ। ਉਧਰ ਅਕਾਲ ਬੁੰਗੇ ਦੀ ਉਸਾਰੀ ਹੋਵੇ ਇਧਰ ਡੱਲੇ ਵਿੱਚ ਵਹੁਟੀ ਗੱਭਰੂ ਉਸ ਕੰਮ ਦੇ ਗਿਰਦ ਕਿ ਜਿੱਦਨ ਗੁਰੂ ਜੀ ਉਸ ਮੰਦਰ ਨੂੰ ਸੋਭਾ ਦੇਣਗੇ, ਇਹ ਮਹਾਰਾਜ ਜੀ ਦੇ ਚਰਨਾਂ ਹੇਠ ਵਿਛਾਵਾਂਗੇ, ਇਹ ਸੱਧਰ ਭੀ ਪੂਰਨ ਹੋਈ।

## ਬੀਰ-ਰਸੀ ਜੀਵਨ ਕਿਉਂ?

ਸ਼ਾਂਤਿ ਸਰੋਵਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਵਿਤ੍ਰ ਸਰੀਰ ਤੇ ਇਹ ਕੈਹਰ ਲੰਘ ਗਿਆ। ਦੀਨ ਦੇ ਹਾਦੀ ਨੇ ਧਰਮ ਸ਼ਾਂਤੀ ਨਾਲ ਝੱਲ ਲਿਆ। ਉਹ ਪੂਰਨ ਪੁਰਖ ਸਨ। ਆਪਣੇ ਆਦਰਸ਼ ਦੇ ਆਪ ਨਿਬਾਹੂ ਸਨ। ਪਰ ਸਾਰੀ ਉੱਮਤ ਇਸ ਦਰਜੇ ਦੀ ਨਹੀਂ ਹੋ ਸਕਦੀ ਕਿ ਤਸੀਹੇ ਸਹੇ ਤੇ ਅਸੂਲ ਨਾਂ ਹਾਰੇ ਤੇ ਸੱਚ ਹੱਥੋਂ ਨਾ ਦੇਇ। ਸੋ ਛੇਵੇਂ ਸਤਿਗੁਰੂ ਜੀ ਨੇ ਸੱਚ ਦੇ ਬਦਲੇ ਜਾਨ ਦੇਣ ਦੀ ਜਾਚ ਸਿੱਖਾਂ ਨੂੰ ਸਿਖਾਈ। ਉਨ੍ਹਾਂ ਦਾ ਆਦਰਸ਼ ਸੀ ਸਿੱਖਾਂ ਨੂੰ 'ਮਰਣ-ਜਾਚ' ਸਿਖਾਉਣੀ। ਸਿੱਖ ਸ਼ਾਂਤਿ-ਰਸੀਆ ਫਿਰਕਾ ਸੀ। ਸਹਨ ਸ਼ੀਲ, ਦੁੱਖ ਸੁੱਖ ਝੱਲਣ ਵਾਲਾ, ਸੁਲਹ ਕੁਲ, ਪਰਉਪਕਾਰੀ, ਫਕੀਰ ਹੋ ਕੇ ਗ੍ਰਿਹਸਤ ਵਿਚ ਰਹਿਣਾ, ਗ੍ਰਹਿਸਤ ਵਿਖੇ ਰਹਿ ਕੇ ਸੁਆਰਥੀ ਦੀ ਥਾਂ ਪਰਉਪਕਾਰੀ ਹੋਣਾ, ਏਹ ਆਦਰਸ਼ ਇਨਸਾਨ ਨੂੰ ਸਿਖਾਏ ਗਏ ਸੇ ਤੇ ਉਹ ਸਿਖੇ ਹੋਏ ਸਿੱਖ ਸਦਾਉਂਦੇ ਸੇ। ਹੁਣ ਉਨ੍ਹਾਂ ਨੂੰ ਬੀਰ-ਰਸ ਸਿਖਾਇਆ ਗਿਆ ਕਿ ਉਹ 'ਸ਼ਾਂਤਿ-ਰਸ' ਦੀ ਰੱਖਿਆ ਕਰੇ। ਬੀਰ-ਰਸ ਕ੍ਰੋਧੀ ਹੋਣ, ਬਦਲੇ ਲੈਣ, ਕਤਲ, ਖੂਨ, ਗਾਰਤਗਰੀ ਦਾ ਨਾਮ ਨਹੀਂ ਹੈ, ਬੀਰ ਰਸ ਨਾਮ ਹੈ ਉਤਸ਼ਾਹ ਵਾਲੇ ਜੀਵਨ ਦਾ। ਨੇਕੀ ਲਈ, ਉਪਕਾਰ ਲਈ, ਪਰ ਦੇ ਭਲੇ ਲਈ ਉਤਸ਼ਾਹ ਤੇ ਉਭਾਰ ਵਿਚ ਆ ਜਾਣਾ। ਇਹ ਉਤਸ਼ਾਹ, ਦਾਨ ਦੀ ਸੂਰਤ ਪਕੜਦਾ ਹੈ, ਦਾਨੀ ਬੀਰ ਰਸੀਆ ਕਹੀਦਾ ਹੈ। ਦਾਨੀ ਕਦੇ ਦਇਆ ਦੇ ਕੰਮਾਂ ਨਾਲ ਕਾਮਯਾਬ ਹੋ ਜਾਂਦਾ ਹੈ, ਪਰ ਕਦੇ ਉਸ ਨੂੰ ਆਪਾ ਵਾਰਨ ਦੀ ਲੋੜ ਪੈਂਦੀ ਹੈ ਸੋ ਬੀਰ ਰਸੀਆ ਇਉਂ ਸੂਰਮ ਗਤੀ ਵਿਚ ਬੀ ਚਲਿਆ ਜਾਂਦਾ ਹੈ। ਇਹ ਆਦਰਸ਼ ਬੰਨ੍ਹ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸਿੱਖਾਂ ਨੂੰ ਬੀਰ-ਰਸੀਏ ਬਨਾਉਣ ਦਾ ਉਦਮ ਭੀ ਗੱਦੀ ਬੈਠਦੇ ਹੀ ਅਰੰਭ ਕਰ ਦਿਤਾ।

## ਸ਼ਾਂਤਿ-ਰਸ ਨਾਲ ਬੀਰ ਰਸੀ ਤਿਆਰੀਆਂ

ਗੁਰੂ ਜੀ ਨੇ ਗੱਦੀ ਬੈਠ ਕੇ ਜੋ ਰਹੁ ਰੀਤੀ ਟੋਰੀ ਉਹੋ ਸੀ ਜੋ ਪਹਿਲੇ ਸਤਿਗੁਰਾਂ ਦੀ ਸੀ। ਤੜਕੇ ਆਸਾ ਦੀ ਵਾਰ ਦਾ ਭੋਗ, ਉਪਦੇਸ਼, ਹਰਿਮੰਦਰ ਵਿਚ ਲਗਾਤਾਰ ਕੀਰਤਨ। ਸ਼ਾਮਾਂ ਦੇ ਦੀਵਾਨ। ਪਰ ਨਾਲ ਬੀਰ ਰਸੀ ਸਾਮਾਨ ਬੀ ਕੱਠੇ ਕਰਨੇ ਸ਼ੁਰੂ ਕਰ ਦਿਤੇ: ਚੰਗਾ ਘੋੜਾ ਮਿਲੇ ਤਾਂ ਖਰੀਦ ਲੈਣਾ। ਸ਼ਸਤ੍ਰ ਸੋਹਣਾ ਮੁਲ ਲੈ ਲੈਣਾ। ਜੋਧਾ ਸਿੱਖ ਪਾਸ ਆ ਕੇ ਰਹਿਣਾ ਚਾਹੇ ਤਾਂ ਰਖ ਲੈਣਾ ਤੇ ਬੀਰ ਰਸੀ ਜੀਵਨ ਸਿਖਾਉਣਾ। ਇਉਂ ਗੁਰੂ ਜੀ ਪਾਸ ਜੁਆਨ ਭਰਤੀ ਹੋਣ ਲਗ ਪਏ। ਸਿੱਖ ਨੌਜਵਾਨ ਜਿਨ੍ਹਾਂ ਨੂੰ ਪੰਜਵੇਂ ਸਤਿਗੁਰੂ ਦਾ ਸਾਕਾ ਦੁੱਖੀ ਕਰ ਰਿਹਾ ਸੀ, ਪਹਿਲੋਂ ਉਹ ਆ ਜੁੜੇ। ਉਨ੍ਹਾਂ ਨੂੰ ਫੌਜੀ ਜੀਵਨ ਤੇ ਕਵਾਇਦਾਂ ਸਿਖਾਣ ਦੇ ਪ੍ਰਬੰਧ ਹੋ ਗਏ। ਆਏ ਗਏ ਪ੍ਰੇਮੀ ਸਿੱਖ ਇਹ ਸੁਣਕੇ ਕਿ ਸਾਡਾ ਗੁਰੂ ਨਵੀਂ ਜਿੰਦ ਦਿਲਾਂ ਵਿਚ ਫੂਕਣ ਲਗਾ ਹੈ, ਸ਼ਸਤ੍ਰ, ਘੋੜੇ, ਕਪੜੇ ਤੇ ਹੋਰ ਸਾਮਾਨ ਭੇਟਾ ਵਜੋਂ ਲਿਆ ਕੇ ਅਰਪਣ ਕਰਨ ਲਗ ਪਏ। ਅਕਾਲ ਬੁੰਗੇ ਦੇ ਅਗੇ ਮੈਦਾਨ ਵਿਚ ਜੋ ਦੀਵਾਨ ਸਜਦਾ ਉਥੇ ਸਾਰੇ ਜੁਆਨ ਸੂਰਮੇ ਆ ਸ਼ਾਮਲ ਹੁੰਦੇ। ਗੁਰਬਾਣੀ ਦਾ ਕੀਰਤਨ ਬੀ ਸੁਣਦੇ। ਢਾਡੀ ਵਾਰਾਂ ਬੀ ਲਾਉਂਦੇ ਜੋ ਬੀਰ ਰਸੀ ਉਤਸ਼ਾਹ ਦਿਲਾਂ ਵਿਚ ਭਰਦੇ। ਇਹਨਾਂ ਵਿਚ ਮੁੱਖ ਢਾਡੀ ਦਾ ਨਾਉਂ ਅਬਦੁਲਾ ਸੀ, ਜੈਸਾ ਕਿ ਲਿਖਿਆ ਹੈ:-

> ਸੁਨਿ ਅਬਿਦੁਲ ਢਾਡੀ ਚਲਿ ਆਯੋ।
> ਭਏ ਸੁਭਟ ਤਿਨ ਕੋ ਜਸੁ ਗਾਯੋ।
> ਜਿਸਕੇ ਸੁਨਤਿ ਬੀਰ ਰਸ ਜਾਗੇ।
> ਕਾਇਰ ਸੇ ਪਿ ਲਰੇ ਨਹਿੰ ਭਾਗੇ॥30॥
> {ਸੂ: ਪ੍ਰ: ਰਾ: 4, ਅੰਸੂ 44, ਸਫ਼ਾ 2312}

ਸਿੱਖਾਂ ਵਿਚੋਂ ਜੋ ਨਵੇਂ ਬੀਰ ਰਸ ਦੇ ਜੀਵਨ ਲਈ ਆਏ ਸੀ, ਉਹ ਤਾਂ ਅਗੇ ਹੀ ਉੱਚੇ ਜੀਵਨ ਤੋਂ ਵਾਕਫ ਤੇ ਗੁਰੂ ਘਰ ਦੇ ਪ੍ਰੇਮੀ ਸੀ, ਹੋਰ ਜੋ ਜੁਆਨ ਆਏ ਤੇ ਭਰਤੀ ਕੀਤੇ, ਉਹਨਾਂ ਨੂੰ ਧਾਰਮਕ ਜੀਵਨ, ਸਦਾਚਾਰੀ ਆਦਰਸ਼ ਤੇ ਉਪਕਾਰ ਦੇ ਸਬਕ ਦਿਤੇ ਜਾਂਦੇ। ਉਹ ਬਾਣੀ ਪੜ੍ਹਦੇ ਸੁਣਦੇ ਤੇ ਸਤਿਗੁਰਾਂ ਦੇ ਇਤਿਹਾਸ ਤੋਂ ਜਾਣੂ ਹੋ ਕੇ ਸਦਾਚਾਰ ਵਿਚ ਉੱਚੇ ਹੋ ਜਾਂਦੇ।

- **ਸ੍ਰੀ ਅਸ਼ਟ ਗੁਰ ਚਮਤਕਾਰ**, ਭਾਗ ੩

❖ ❖ ❖ ❖

# ਸਾਖੀ ਪਿਆਰਾ ਸਿੰਘ ਪਦਮ ਦੀ

❖ ਗੁਰਿੰਦਰ ਸਿੰਘ ਮਾਨ*

ਗੁਰਬਾਣੀ ਦੇ ਮਹਾਂਵਾਕ **ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥** (ਮ: ੩, ੯੫੧) ਦੀ ਰੌਸ਼ਨੀ ਵਿੱਚ, ਆਓ ਬਾਤ ਪਾਈਏ ਇੱਕ ਆਲਮ ਸੱਜਣ ਦੀ ਜੋ ਮਈ ਦੇ ਮਹੀਨੇ ਸੰਨ 1921 ਵਿੱਚ ਜਨਮਿਆ ਤੇ ਆਉਣ ਵਾਲ਼ੇ ਅੱਠ ਦਹਾਕਿਆਂ ਵਿੱਚ ਅੱਸੀ ਦੇ ਕਰੀਬ ਛੋਟੀਆਂ ਵੱਡੀਆਂ ਮੌਲਿਕ ਅਤੇ ਗੁੰਦੀਆਂ ਰਚਨਾਵਾਂ ਦਾ ਗੁਲਦਸਤਾ ‘ਕਲਮ ਮੰਦਿਰ’ ਦੀ ਸਰਦਲ ਤੇ ਸਜਾ ਕੇ 2001 ਵਿੱਚ ਫ਼ਾਨੀ ਦੁਨੀਆ ਤੋਂ ਪਿਆਨਾ ਕਰ ਗਿਆ।


ਪਦਮ ਦੇ ਜਾਣ ਬਾਅਦ ਵੀਹ ਸਾਲਾਂ ਦੇ ‘ਕੰਨੀ ਖ਼ਿਸਕਾ’ ਜਾਣ ਦਾ ਅਹਿਸਾਸ ਉਦੋਂ ਹੋਇਆ ਜਦੋਂ ਉਸ ਬਾਰੇ ਕੁਝ ਲਿਖਣ ਦਾ ਸੱਦਾ ਪਹੁੰਚਿਆ। ਆਪਣੇ ਗੁਰਮੁੱਖ ਮੁਰਸ਼ਿਦ ਦੀ ਹਯਾਤੀ, ਸੋਚ ਦਾ ਤਾਣਾ-ਬਾਣਾ, ਉਸ ਦੀ ਸਾਹਿਤਕ ਤੇ ਮਜ਼੍ਹਬੀ ਮੁੱਦਿਆਂ ਦੀ ਪਕੜ ਤੇ ਉਸ ਦੀਆ ਲਿਖਤਾਂ ਦੀ ਅਜੋਕੇ ਸਮੇਂ ਲਈ ਅਹਿਮੀਅਤ ਬਾਰੇ ਇਹ ਪੰਜ ਪੰਖੜੀਆਂ ਦਾ ਕਸੀਦਾ ਪਾਠਕਾਂ ਦੀ ਨਜ਼ਰਸਾਨੀ ਲਈ ਹਾਜ਼ਿਰ ਹੈ।

### ੧: ਜਿਉ ਸਾਹਿਬੁ ਰਾਖੈ ਤਿਉ ਰਹੈ (ਮ: ੧, ੨੫)

ਇਹ ਕਹਾਣੀ ਨੰਦ ਕੌਰ ਤੇ ਗੁਰਨਾਮ ਸਿੰਘ ਬੱਟੂ ਤੋਂ ਸ਼ੁਰੂ ਹੁੰਦੀ ਹੈ। ਇਹ ਮਾਲਵੇ ਦੇ ਪਿੰਡ ਘੁੰਗਰਾਣਾ ਦੇ ਵਸਨੀਕ ਸਨ ਤੇ ਇਨ੍ਹਾਂ ਦੇ ਪੁਰਖੇ ਕਾਫ਼ੀ ਪੁਸ਼ਤਾਂ ਤੋਂ ਸਿੱਖ ਪੰਥ ਦੇ ਪੈਰੋਕਾਰ ਸਨ। ਇਸ ਪਰਿਵਾਰ ਦਾ ਪਿੰਡ ਦੇ ਗੁਰਦੁਆਰੇ ਨਾਲ਼ ਨੇੜੇ ਦਾ ਸਬੰਧ ਸੀ ਤੇ ਗੁਰਨਾਮ ਸਿੰਘ ਉਥੇ ਕਦੀ ਕਦੀ ਕੀਰਤਨ ਵੀ ਕਰਿਆ ਕਰਦਾ ਸੀ। ਇਸ ਜੋੜੇ ਦੇ ਚਾਰ ਪੁੱਤਰ ਸਨ ਤੇ ਪਿਆਰਾ ਸਿੰਘ ਇਨ੍ਹਾਂ ਵਿਚੋਂ ਸਭ ਤੋਂ ਵੱਡਾ ਸੀ।

1931 ਵਿੱਚ ਨਵੇਂ ਪਿੰਡ, ਦੋਰਾਹੇ ਦੇ ਅਰਜਨ ਸਿੰਘ ਗਿਆਨੀ (1899-1957) ਘੁੰਗਰਾਣੇ ਦੇ ਗੁਰਦੁਆਰੇ ਵਿੱਚ ਕਥਾ ਕਰਨ ਆਏ ਤੇ ਦੋ ਸਾਲ ਉਥੇ ਹੀ ਰਹੇ। ਅੱਠ-ਦਸ ਸ਼ਾਗਿਰਦਾਂ ਦੀ ਮੰਡਲੀ ਵੀ ਉਨ੍ਹਾਂ ਦੇ ਨਾਲ਼ ਸੀ। ਜਾਣ ਸਮੇਂ ਤੇ ਯਾਰਾਂ ਸਾਲਾਂ ਦਾ ਨੌਜੁਆਨ ਪਿਆਰਾ ਸਿੰਘ ਵੀ ਗਿਆਨੀ ਜੀ ਦੀ ਟੋਲੀ ਵਿੱਚ ਰਲ਼ ਕੇ ਨਵੇਂ ਪਿੰਡ ਆ ਗਿਆ ਤੇ ਅਗਲੇ ਸੱਤ ਸਾਲ ਗ੍ਰੰਥੀ ਬਣਨ ਦੀ ਤਿਆਰੀ ਵਿੱਚ ਰੁੱਝਾ ਰਿਹਾ।

ਗਿਆਨੀ ਜੀ ਨੂੰ ਇਸ ਭੁਜੰਗੀ ਵਿੱਚ ਕਾਬਲੀਅਤ ਦੀ ਖ਼ਾਸ ਚਿਣਗ ਨਜ਼ਰ ਆਈ ਤੇ ਉਸ ਨੂੰ ਗ੍ਰੰਥੀ ਦੀ ਸੇਵਾ ਤੇ ਲਾਉਣ ਦੀ ਬਜਾਇ ‘ਸਿੱਖ ਪ੍ਰਚਾਰਕ ਵਿਦਿਆਲਯ, ਤਰਨ ਤਾਰਨ’, ਵਿੱਚ ‘ਗਿਆਨੀ’ ਦੀ ਪੜ੍ਹਾਈ ਲਈ ਘੱਲ ਦਿੱਤਾ। ਇਸ ਸਮੇਂ ਪਿਆਰਾ ਸਿੰਘ ਨੇ ਬ੍ਰਿਜ ਭਾਸ਼ਾ ਵਿੱਚ ਨਜ਼ਮਾਂ ਵੀ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਇਸ ਤਰ੍ਹਾਂ ਲਗਦਾ ਹੈ ਕਿ ਕਰਤਾਰ ਸਿੰਘ ਦਾਖਾ (1888- 1958), ਮਾਲਵੇ ਖਿੱਤੇ ਦੇ



ਪਿਆਰਾ ਸਿੰਘ ਪਦਮ
(28.05.1921-01.05.2001)

ਇੱਕ ਮਸ਼ਹੂਰ ਕਥਾਕਾਰ, ਦੀ ਸਿਫ਼ਾਰਿਸ਼ ਤੇ ਉਸ ਨੇ ਕਵਿਤਾ ਦੀ ਦੁਨੀਆ ਵਿੱਚ ਉਤਰਨ ਲਈ ਆਪਣੇ ਨਾਂ ਨਾਲ ‘ਪਦਮ’ ਦਾ ਤਖ਼ੱਲਸ ਜੋੜ ਲਿਆ।

1939 ਵਿੱਚ ਪਿਆਰਾ ਸਿੰਘ ਪਦਮ ਆਪਣਾ ਕੰਮ ਕਾਮਯਾਬੀ ਨਾਲ ਪੂਰਾ ਕਰ ਕੇ ਘਰ ਪਰਤ ਆਇਆ ਤੇ ਉਸ ਦੀ ਸ਼ਾਦੀ ਨਜ਼ਦੀਕੀ ਪਿੰਡ ਕਲਹਾੜ ਦੀ ਜਸਵੰਤ ਕੌਰ ਨਾਲ਼ ਹੋ ਗਈ। ਸ਼ਾਦੀ ਇਸ ਨਵੇਂ ਬਣੇ ਘੁੰਗਰਾਣੇ ਦੇ ਨੌਜੁਆਨ ਗਿਆਨੀ ਨੂੰ ਘਰ ਰੋਕ ਸਕਣ ਵਿੱਚ ਸਫ਼ਲ ਨਾ ਹੋਈ ਤੇ ਉਸ ਨੇ ਤਿੰਨ ਮਹੀਨੇ ਬਾਅਦ ਅਪ੍ਰੈਲ 1941 ਵਿੱਚ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ, ਵਿੱਚ ਪ੍ਰਚਾਰਕਾਂ ਦੀ ਪੜ੍ਹਾਈ ਲਈ ਦਾਖ਼ਲਾ ਲੈ ਲਿਆ, ਸਾਲ ਦੇ ਅਖ਼ੀਰ ਤੇ ਇਹ ਜਮਾਤ ਅੱਵਲ ਰਹਿ ਕੇ ਪਾਸ ਕੀਤੀ ਤੇ ਅੰਮ੍ਰਿਤਸਰ ਵਿੱਚ ਨੌਕਰੀ ਵੀ ਲੱਭ ਲਈ ਜੋ ਅਲੱਗ ਅਲੱਗ ਨਾਂ ਇਖ਼ਤਿਆਰ ਕਰਦੀ ਅਪ੍ਰੈਲ 1950 ਤੱਕ ਚਲਦੀ ਰਹੀ।

ਸਿੱਖ ਰਿਆਸਤਾਂ ਦੇ ਮਜ਼੍ਹਬੀ ਤੇ ਸਿਆਸਤੀ ਵਾਤਾਵਰਨ ਵਿੱਚ ਜਨਮਿਆ ਤੇ ਪਲ਼ਿਆ ਇਹ ਨੌਜੁਆਨ ਅੰਗ੍ਰੇਜ਼ੀ ਹਕੂਮਤ ਹੇਠ ਚੱਲ ਰਹੇ ਮਾਝੇ ਦੇ ਸਿੱਖ ਆਲਮੀ ਮਾਹੋਲ ਵਿੱਚ ਤਕਰੀਬਨ

ਯਾਰਾਂ ਸਾਲ ਬਿਤਾਉਣ ਬਾਅਦ ਮਾਲਵੇ ਦੇ ਇਲਾਕੇ ਵਿੱਚ ਵਾਪਸ ਆ ਗਿਆ। ਉਸਨੇ ਆਪਣਾ ਘਰ ਇੱਥੋਂ ਦੇ ਸ਼ਾਹੀ ਸ਼ਹਿਰ ਪਟਿਆਲੇ ਬਣਾ ਲਿਆ, ਦੋ ਬੱਚੀਆਂ ਹਰਿੰਦਰ ਕੌਰ (1949) ਅਤੇ ਰਵਿੰਦਰ ਕੌਰ (1955–2014) ਇੱਥੇ ਹੀ ਜਨਮੀਆਂ ਤੇ ਪਲੀਆਂ ਅਤੇ ਪਦਮ ਨੇ ਆਪਣੀ ਰਹਿੰਦੀ ਜ਼ਿੰਦਗੀ ਉਥੇ ਹੀ ਗੁਜ਼ਾਰੀ।

ਇਹ ਘਰ ਤੇ ਨਾਲ ਲਗਦੀ ਖ਼ੂਬਸੂਰਤ ਬਗੀਚੀ ਪੰਜਾਬ ਦੇ ਸਾਹਿਤਿਕ ਦਾਇਰਿਆਂ ਵਿੱਚ 'ਕਲਮ ਮੰਦਿਰ' ਦੇ ਨਾਂ ਨਾਲ ਜਾਣੀ ਜਾਣ ਲੱਗ ਪਈ ਅਤੇ ਉਸ ਸਮੇਂ ਦਾ ਸ਼ਾਇਦ ਹੀ ਕੋਈ ਐਸਾ ਦਾਨਿਸ਼ਵਰ ਹੋਵੇਗਾ ਜਿਸ ਦੇ ਚਰਨ ਇੱਥੇ ਨਾ ਪਏ ਹੋਣ। 1976 ਵਿੱਚ ਜਸਵੰਤ ਕੌਰ ਚਲਾਣਾ ਕਰ ਗਈ ਅਤੇ 2001 ਵਿੱਚ ਦਿਲ ਦੀ ਧੜਕਣ ਬੰਦ ਹੋਣ ਨਾਲ ਪਦਮ ਖ਼ੁਦ ਆਪਣੇ ਪਰਿਵਾਰ ਅਤੇ ਸੱਜਣਾਂ ਨੂੰ ਫ਼ਤਿਹ ਬੁਲਾ ਕੇ ਚਲਦਾ ਬਣਿਆ।

ਜਿਥੋਂ ਤੱਕ ਪਦਮ ਦੇ ਰੁਜ਼ਗਾਰ ਦਾ ਤੁਅੱਲਕ ਸੀ, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਤੋਂ ਪੜ੍ਹਾਈ ਪੂਰੀ ਕਰਨ ਬਾਅਦ ਉਸ ਨੇ ਗੁਰੂ ਰਾਮਦਾਸ ਹਾਈ ਸਕੂਲ, ਅੰਮ੍ਰਿਤਸਰ ਵਿੱਚ ਇੱਕ ਸਾਲ ਪੜ੍ਹਾਇਆ, 1942 ਵਿੱਚ ਸਿੱਖ ਮਿਸ਼ਨਰੀ ਕਾਲਜ ਵਿੱਚ ਉਸਤਾਦ ਲੱਗ ਗਿਆ ਤੇ ਇਹ ਜ਼ੁੰਮੇਵਾਰੀ ਅਕਤੂਬਰ 1947 ਤੱਕ ਚਲਦੀ ਰਹੀ। ਪੰਜਾਬ ਦੇ ਬਟਵਾਰੇ ਤੋਂ ਬਾਅਦ ਕਾਲਜ ਦੇ ਥੋੜ੍ਹੀ ਦੇਰ ਲਈ ਬੰਦ ਹੋ ਜਾਣ ਤੇ ਪਦਮ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਬਲੀਸਿਟੀ ਇੰਚਾਰਜ ਅਤੇ ਗੁਰਦੁਆਰਾ ਗੱਜ਼ਟ ਦੇ ਸੰਪਾਦਕ ਦੇ ਅਹੁੱਦਿਆਂ ਤੇ ਕੰਮ ਕੀਤਾ।

1950 ਦੇ ਅਖ਼ੀਰ ਵਿੱਚ ਪਦਮ ਨੂੰ ਪਟਿਆਲੇ ਵਿੱਚ ਨਵੇਂ ਬਣੇ ਪੰਜਾਬੀ ਮਹਿਕਮੇ (ਬਾਅਦ ਵਿੱਚ ਭਾਸ਼ਾ ਵਿਭਾਗ) ਦੇ ਸਾਹਿਤਿਕ ਰਸਾਲੇ **ਪੰਜਾਬੀ ਦੁਨੀਆ** ਦੀ ਸੰਪਾਦਕੀ ਮਿਲ਼ ਗਈ ਤੇ ਉਸ ਨੇ ਇਹ ਫ਼ਰਜ਼ 1966 ਤੱਕ ਨਿਭਾਇਆ। ਇਸੇ ਸਾਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪਦਮ ਨੂੰ ਸੀਨੀਅਰ ਫ਼ੈਲੋਸ਼ਿਪ ਨਾਲ਼ ਨਿਵਾਜਿਆ ਤੇ ਉਸ ਨੇ ਇਸ ਅਹੁਦੇ ਤੇ 1983 ਤੱਕ ਕੰਮ ਕੀਤਾ। ਇਸ ਸਮੇਂ ਦੌਰਾਨ ਪਦਮ ਲਈ ਅਮਰੀਕਾ ਆ ਕੇ ਪਰਿਵਾਰ ਵਸਾਉਣ ਦਾ ਮੌਕਾ ਵੀ ਬਣਿਆ ਪਰ ਆਪਣੇ ਲਿਖਣ-ਪੜ੍ਹਨ ਦੇ ਕੰਮ ਨੂੰ ਤਰਜੀਹ ਦਿੰਦੇ ਹੋਏ ਉਸ ਨੇ ਇਹ ਸੱਦਾ ਪਰਵਾਨ ਨਾ ਕੀਤਾ। ਯੂਨੀਵਰਸਿਟੀ ਤੋਂ ਸੇਵਾਮੁਕਤ ਹੋਣ ਤੋਂ ਬਾਅਦ ਪਦਮ ਦਾ ਪੜ੍ਹਨ-ਲਿਖਣ ਦਾ ਕੰਮ 2001 ਤੱਕ ਬਾਖ਼ੂਬੀ ਚਲਦਾ ਰਿਹਾ।

## ੨: ਪੋਥੀ ਪੁਰਾਣ ਕਮਾਈਐ॥ (ਮ: ੧, ੨੫)

ਮਾਤਾ-ਪਿਤਾ ਦਾ ਗੁਰਦੁਆਰੇ ਨਾਲ਼ ਨੇੜੇ ਦਾ ਸੰਬੰਧ ਹੋਣ ਦਾ ਬੱਚਿਆਂ ਉਤੇ ਅਸਰ ਪੈਣਾ ਸੁਭਾਵਿਕ ਹੀ ਸੀ। ਪਿਆਰਾ ਸਿੰਘ ਲਈ ਅਰਜਨ ਸਿੰਘ ਗਿਆਨੀ ਨਾਲ਼ ਮਿਲ਼ਨਾ ਹੋਰ ਅਹਿਮ ਸਾਬਿਤ ਹੋਇਆ ਤੇ ਉਸ ਦੇ ਡੇਰੇ ਤੇ ਰਹਿੰਦਿਆਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਮਰਯਾਦਾ, ਬਾਣੀ ਦਾ ਪਾਠ, ਕੀਰਤਨ ਅਤੇ ਕਥਾ ਦਾ ਦਸਤੂਰ, ਅਤੇ ਗੁਰਪੁਰਬਾਂ ਦੀਆਂ ਤਾਰੀਖ਼ਾਂ ਵਗ਼ੈਰਾ ਬਾਰੇ ਜਾਣਕਾਰੀ ਉਸ ਦੀ ਕਾਬਲੀਅਤ ਦੀ ਨੀਂਹ ਬਣੀ ਤੇ ਉਸ ਨੇ ਪਿੰਡ ਵਿੱਚ ਵਸਦੇ ਸਿੱਖ ਪਰਿਵਾਰਾਂ ਨਾਲ਼ ਜਨਮ, ਵਿਆਹ, ਮੌਤ, ਮਾਮੂਲੀ ਬੀਮਾਰੀ, ਅਤੇ ਹੋਰ ਦੁੱਖ ਸੁੱਖ ਵਿੱਚ ਭਾਈਵਾਲ਼ ਹੋਣ ਦਾ ਵੀ ਤੌਰ-ਤਰੀਕਾ ਸਿੱਖਿਆ।

ਵੀਹਵੀ ਸਦੀ ਦੇ ਸ਼ੁਰੂ ਦੇ ਦਹਾਕਿਆਂ ਵਿੱਚ ਤਰਨ ਤਾਰਨ ਸਿੱਖ ਤਾਲੀਮ ਦੇ ਦਾਇਰੇ ਵਿੱਚ ਇੱਕ ਮੰਨੀ ਪ੍ਰਮੰਨੀ ਜਗ੍ਹਾ ਸੀ। ਪਦਮ ਨੂੰ ਈਸ਼ਰ ਸਿੰਘ ਢੋਟੀਆ, ਗੰਗਾ ਸਿੰਘ, ਨਰੈਣ ਸਿੰਘ, ਮੋਹਣ ਸਿੰਘ ਵੇਦ ਵਗ਼ੈਰਾ ਆਲਮ ਜੋ ਇਸ ਸ਼ਹਿਰ ਵਿੱਚ ਰਹਿੰਦੇ ਸਨ ਨਾਲ਼ ਸੰਗਤ ਦਾ ਮੌਕਾ ਮਿਲਿਆ। ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ, ਵਿੱਚ ਪਦਮ ਨੇ ਪਹਿਲਾਂ ਆਪ ਪ੍ਰਚਾਰਕ ਦੀਆਂ ਜ਼ੁੰਮੇਵਾਰੀਆਂ— ਗੁਰਮੱਤ, ਤਾਰੀਖ਼, ਤੇ ਸਿੱਖ ਸੋਮਿਆਂ ਬਾਰੇ ਜਾਣਕਾਰੀ ਇਕੱਠੀ ਕਰਨੀ ਤੇ ਫ਼ਿਰ ਇਸ ਮਸੌਦੇ ਨੂੰ ਸੰਗਤਾਂ ਤੱਕ ਕਾਮਯਾਬੀ ਨਾਲ਼ ਪਹੁੰਚਾਉਣ ਦੇ ਤਰੀਕੇ ਸਿੱਖੇ ਤੇ ਫਿਰ ਆਪਣੇ ਸ਼ਾਗਿਰਦਾਂ ਨੂੰ ਇਸ ਕੰਮ ਲਈ ਤਿਆਰ ਕੀਤਾ। ਕਈ ਸਾਲ ਨਵਿਆਂ ਸ਼ਾਗਿਰਦਾਂ ਨੂੰ ਪੜ੍ਹਾਉਂਦਿਆਂ ਉਸ ਦੀ ਗੁਰਬਾਣੀ ਦੀ ਮੁਹਾਰਤ ਵਿਗਸੀ ਤੇ ਸਮਕਾਲੀ ਸਰੋਤਾਂ ਦੀ ਤਾਰੀਖ਼ ਲਿਖਣ ਦੇ ਮਰਹਲੇ ਵਿੱਚ ਅਹਿਮੀਅਤ ਬਾਰੇ ਸਮਝ ਵੀ ਪਰਿਪੱਕ ਹੋਈ।

ਪਦਮ ਦਾ ਤਰਨ ਤਾਰਨ ਅਤੇ ਅੰਮ੍ਰਿਤਸਰ ਵਿੱਚ ਬਿਤਾਇਆ ਦਹਾਕਾ ਸਿੱਖ ਵਿੱਦਿਅਕ ਦਾਇਰਿਆਂ ਵਿੱਚ ਉਪਜਾਊ ਹੋਣ ਨਾਲ਼ ਕਾਫ਼ੀ ਹਲ-ਚਲ ਦਾ ਸਮਾਂ ਵੀ ਸੀ। ਤੇਜਾ ਸਿੰਘ ਦਾ **ਸ਼ਬਦਾਰਥ** (1941), ਜੀ.ਬੀ. ਸਿੰਘ ਦੀ **ਪ੍ਰਾਚੀਨ ਬੀੜਾਂ ਬਾਰੇ** (1946), ਅਤੇ ਸ਼ਰੋਮਣੀ ਕਮੇਟੀ ਦੀ ਮੁਹਰ ਹੇਠ ਛਪੀ ਗੁਰੂ ਗ੍ਰੰਥ ਸਾਹਿਬ ਦੀ ਬੀੜ (1951) ਇਸ ਅਰਸੇ ਦੀਆਂ ਤਿੰਨ ਅਹਿਮ ਪ੍ਰਾਪਤੀਆਂ ਸਨ। ਗੁਰਬਖਸ਼ ਸਿੰਘ ਪ੍ਰੀਤਲੜੀ ਦੀ **ਪਰਮ ਮਨੁੱਖ** (1936), ਜੀ.ਬੀ. ਸਿੰਘ ਦੀ **ਪ੍ਰਾਚੀਨ ਬੀੜਾਂ ਬਾਰੇ**, ਅਤੇ ਸ਼੍ਰੋਮਣੀ ਕਮੇਟੀ ਵਲੋਂ ਛਪੀ ਬੀੜ ਦੇ ਆਲੇ ਦੁਆਲੇ ਤਲਖ਼ ਵਾਦ-ਵਿਵਾਦ ਵੀ ਪੈਦਾ ਹੋਏ। ਗੁਰੂ ਗ੍ਰੰਥ ਸਾਹਿਬ ਦਾ ਮੂਲ ਪਾਠ, ਬੀੜ ਬੱਝਣ ਦਾ ਇਤਿਹਾਸ, ਅਤੇ ਗੁਰੂ ਸਾਹਿਬਾਨ ਦੀ ਜ਼ਿੰਦਗੀ ਨੂੰ ਸਮਝਣ ਦਾ ਮੁਨਾਸਿਬ ਤਰੀਕਾ, ਵਗ਼ੈਰਾ ਇਨ੍ਹਾਂ ਬਹਿਸਾਂ ਦੇ ਮਰਕਜ਼ ਸਨ। ਇਹ ਤਕਰਾਰ ਆਲਮਾਂ ਦੇ ਇੱਕ ਦੂਸਰੇ ਲਈ ਗੁੱਸੇ ਭਰੇ ਲਫ਼ਜ਼ਾਂ ਦੀ ਵਰਤੋਂ ਤੋਂ ਅੱਗੇ ਵਧ ਕੇ ਐਸੀ ਤਲਖ਼ੀ ਦੇ ਮਾਹੌਲ ਵਿੱਚ ਬਦਲੀ ਕਿ ਜੀ.ਬੀ. ਸਿੰਘ ਨੂੰ ਲਾਹੌਰ ਛੱਡ ਕੇ ਲੰਦਨ ਜਾਣ ਦਾ ਫ਼ੈਸਲਾ ਕਰਨਾ ਪਿਆ।

ਸਿੱਖ ਮਿਸ਼ਨਰੀ ਕਾਲਜ ਨਾਲ ਜੁੜੇ ਹੋਣ ਕਰਕੇ ਪਦਮ ਨੂੰ ਦੂਰ ਦੁਰਾਡੇ ਦੇ ਗੁਰਦੁਆਰਿਆਂ ਤੋਂ ਸੰਗਤਾਂ ਨੂੰ ਮੁਖ਼ਾਤਿਬ ਕਰਨ ਦੇ ਸੱਦੇ ਆਉਂਦੇ। ਮਸਲਨ, ਉਹ ਕੁਲੂ-ਮਨਾਲ਼ੀ ਤੇ ਮੁਲਤਾਨ ਦੀਆਂ ਸੰਗਤਾਂ ਨੂੰ ਮਿਲ਼ਨ ਲਈ ਲਾਏ ਦੌਰਿਆਂ ਬਾਰੇ ਲਿਖਦਾ ਹੈ, ਅਤੇ ਬਾਅਦ ਦੇ ਮਿਲਦੇ ਹਵਾਲਿਆਂ ਤੋਂ ਸਪਸ਼ਟ ਹੈ ਕਿ ਉਹ ਬਨਾਰਸ, ਪਟਨਾ, ਬੁਰਹਾਨਪੁਰ, ਨੰਦੇੜ ਵਗ਼ੈਰਾ ਸ਼ਹਿਰਾਂ ਵਿੱਚ ਵੀ ਗਿਆ। ਇਨ੍ਹਾਂ ਮੌਕਿਆਂ ਤੇ ਉਹ ਸਥਾਨਕ ਸੰਗਤਾਂ ਦੇ ਨਾਲ਼ ਸਮਾਂ ਬਤੀਤ ਕਰਦਾ, ਉਨ੍ਹਾਂ ਦੀਆਂ ਰਵਾਇਤਾਂ ਬਾਰੇ ਸੁਣਦਾ, ਪੁਰਾਤਨ ਹੱਥ-ਲਿਖਤਾਂ ਅਤੇ ਹੋਰ ਸਮੱਗਰੀ ਵੇਖਦਾ, ਤੇ ਫਿਰ ਇਨ੍ਹਾਂ ਦਸਤਾਵੇਜਾਂ ਨੂੰ ਆਪਣੇ ਕੰਮ ਵਿੱਚ ਕਾਰਗਰ ਤਰੀਕੇ ਨਾਲ ਵਰਤਦਾ। ਸਮੇਂ ਦੇ ਨਾਲ਼ ਇਨ੍ਹਾਂ ਸੱਦਿਆਂ ਦਾ ਦਾਇਰਾ ਵੱਧ

ਕੇ ਇੰਗਲੈਂਡ ਦੇ ਗੁਰਦੁਆਰਿਆਂ ਤੱਕ ਵੀ ਪਹੁੰਚ ਗਿਆ। 1990 ਦੇ ਦਹਾਕੇ ਵਿੱਚ ਮੈਂ ਪਦਮ ਨੂੰ ਅਮਰੀਕਾ ਲਿਆਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਸਿਹਤ ਸਬੰਧੀ ਮੁਸ਼ਕਿਲਾਂ ਕਾਰਨ ਇਹ ਮੁਮਕਿਨ ਨਾ ਹੋ ਸਕਿਆ।

ਪਿਆਰਾ ਸਿੰਘ ਪਦਮ ਇੱਕ ਨਿਰਾਲਾ ਆਲਮ ਸੀ ਜਿਸ ਨੇ ਕਿਤਾਬਾਂ ਲਿਖੀਆਂ, ਆਪਣਾ ਪੈਸਾ ਖ਼ਰਚ ਕਰ ਕੇ ਛਪਵਾਈਆਂ, ਤੇ ਆਪ ਹੀ ਇਨ੍ਹਾਂ ਮੁੱਦਿਆਂ ਦੇ ਦੀਦਾਵਰਾਂ ਨੂੰ ਤੋਹਫ਼ੇ ਦੇ ਤੌਰ ਤੇ ਵੰਡੀਆਂ। ਇਸ ਸਿੱਖ ਭਾਈਚਾਰਕ ਸੇਵਾ ਦਾ ਕਿੱਸਾ ਇੱਥੇ ਖ਼ਤਮ ਨਹੀਂ ਹੁੰਦਾ, ਪਦਮ ਆਪਣੀ ਮਿਹਨਤ ਦੀ ਕਮਾਈ ਵਿੱਚੋਂ ਦਸਵੰਧ ਕੱਢ ਕੇ ਹਰ ਸਾਲ ਨਵੇਂ ਲਿਖਾਰੀਆਂ ਦੀ ਹੌਂਸਲਾ-ਅਫ਼ਜ਼ਾਈ ਲਈ ਪਹਿਲਾਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ, ਤੇ ਫਿਰ ਕਲਗੀਧਰ ਕਲਮ ਫ਼ਾਊਂਡੇਸ਼ਨ, ਪਟਿਆਲਾ ਦੇ ਤਹਿਤ ਇਨਾਮ ਦੇਂਦਾ ਤੇ ਨਾਲ਼ ਹੀ ਆਪਣਿਆਂ ਅਜ਼ੀਜ਼ਾਂ ਲਈ 'ਦੀਜੇ ਬੁਧਿ ਬਿਬੇਕ' ਦੀ ਅਰਦਾਸ ਕਰਦਾ।

### ੩: ਸਚੁ ਬੂਝਣੁ ਆਣਿ ਜਲਾਈਐ॥ (ਮ: ੧, ੨੫)

ਪਦਮ ਦੀਆਂ ਲਿਖਤਾਂ ਦੇ ਸਿਰਲੇਖਾਂ ਉੱਤੇ ਸਰਸਰੀ ਜਿਹੀ ਨਜ਼ਰ ਦਰਸਾਉਂਦੀ ਹੈ ਕਿ ਉਸ ਦੀ ਤਾਲੀਮ ਦਾ ਦਾਇਰਾ ਵਸੀਹ ਸੀ ਤੇ ਉਸ ਦੀ ਸੋਚ ਵਿੱਚ ਸਿੱਖ ਮਜ਼੍ਹਬ ਸਬੰਧੀ ਮਜ਼ਮੂਨ (ਗੁਰਮੱਤ, ਰਹੁ-ਰੀਤ, ਤਾਰੀਖ਼), ਪੰਜਾਬੀ ਮੁੱਦੇ (ਬੋਲੀ, ਲਿਪੀ, ਸਾਹਿਤ, ਸਭਿਆਚਾਰ, ਇਲਾਕਾਈ ਸੂਝ-ਬੂਝ), ਤੇ ਹੋਰ ਕਈ ਕੁੱਝ ਸਮੋਏ ਹੋਏ ਹਨ। ਆਪਣੇ ਅੱਧੀ ਸਦੀ ਦੇ ਲਿਖਣ ਦੇ ਅਰਸੇ ਵਿੱਚ ਸ਼ਾਇਦ ਹੀ ਕੋਈ ਪੰਜਾਬ ਦੇ ਖ਼ਿੱਤੇ ਨਾਲ਼ ਜੁੜਦਾ ਮਸਲਾ ਹੋਵੇ ਜਿਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਪਦਮ ਨੇ ਮੁਖ਼ਾਤਿਬ ਨਹੀਂ ਕੀਤਾ।

1948 ਵਿੱਚ ਪਦਮ ਨੇ ਕੇਸਰ ਸਿੰਘ ਛਿੱਬਰ ਦੇ **ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ** ਤੇ ਸਿੱਖ ਇਤਿਹਾਸ ਰੀਸਰਚ ਬੋਰਡ ਦੇ ਮੰਚ ਤੇ ਆਪਣਾ ਪਰਚਾ ਪੜ੍ਹਿਆ ਤੇ ਇਸ ਸੋਮੇਂ ਵਿੱਚ ਮਿਲਦੀਆਂ ਤਿੱਥਾਂ ਅਤੇ ਇਸ ਦੀ ਤਾਰੀਖ਼ੀ ਸੂਝ-ਬੂਝ ਦੀ ਅਹਿਮੀਅਤ ਉਤੇ ਜ਼ੋਰ ਦਿੱਤਾ। ਉਸ ਦੀ ਆਲਮੀਅਤ ਦਾ ਇਹ ਪਹਿਲਾ ਲਿਸ਼ਕਾਰਾ ਸੀ ਤੇ ਇਸ ਪਰਚੇ ਦੇ ਖ਼ਿਲਾਫ਼ ਟਕਸਾਲੀ ਆਲਮ ਮਹਾਂ ਸਿੰਘ ਨੇ ਦਸ ਲੇਖ ਲਿਖ ਕੇ ਪਦਮ ਦੀਆਂ ਦਲੀਲਾਂ ਨੂੰ ਨਿਘਾਰਨ ਦੀ ਕੋਸ਼ਿਸ਼ ਕੀਤੀ। ਇਸ ਬਹਿਸ ਦੇ ਪਹਿਲੂਆਂ ਵਿੱਚ ਜਾਣ ਦੀ ਬਜਾਇ ਮੇਰੀ ਟਿੱਪਣੀ ਇਹ ਹੈ ਕਿ 1950 ਦੇ ਕਰੀਬ ਸਿੱਖ ਤਾਲੀਮੀ ਦਾਇਰਿਆਂ ਵਿੱਚ ਪਦਮ ਦੀ ਸ਼ੁਹਰਤ ਇਸ ਪੱਧਰ ਤੇ ਪਹੁੰਚ ਚੁੱਕੀ ਸੀ ਕਿ ਉਸ ਦੇ ਵਿਚਾਰਾਂ ਤੇ ਤਵੱਜੋ ਦੇਣੀ ਜ਼ਰੂਰੀ ਸਮਝੀ ਜਾਣ ਲੱਗ ਪਈ ਸੀ। ਨਾਲ ਹੀ ਪਦਮ ਨੂੰ ਵੀ ਪਤਾ ਲੱਗ ਚੁੱਕਾ ਸੀ ਕਿ ਸਿੱਖ ਤਾਰੀਖ਼ ਬਾਰੇ ਕੋਈ ਵੀ ਕਹੀ ਜਾਂ ਲਿਖੀ ਗੱਲ ਉੱਤੇ ਕਿਸੇ ਵੇਲ਼ੇ ਵੀ ਖਿੱਚੋਤਾਣ ਹੋ ਸਕਦੀ ਸੀ ਤੇ **ਬੰਸਾਵਲੀਨਾਮੇ** ਦਾ ਵਿਰੋਧ ਇਸ ਰੌਲ਼ੇ ਰੱਪੇ ਦੀ ਹੀ ਇੱਕ ਕੜੀ ਸੀ।

ਪਟਿਆਲੇ ਵਿੱਚ ਪੰਦਰਾਂ ਸਾਲਾਂ ਦੀ **ਪੰਜਾਬੀ ਦੁਨੀਆ** ਦੀ ਸੰਪਾਦਕੀ ਨੇ ਉਸ ਦੀ ਤਾਲੀਮ ਦੇ ਭੰਡਾਰ ਵਿੱਚ ਸਾਹਿਤ ਤੇ ਸਭਿਆਚਾਰ ਬਾਰੇ ਅਹਿਮ ਜਾਣਕਾਰੀ ਜਮ੍ਹਾ ਕੀਤੀ। ਕਈ ਮਜ਼ਮੂਨਾਂ ਉੱਤੇ **ਪੰਜਾਬੀ ਦੁਨੀਆ** ਦੇ ਖ਼ਾਸ ਅੰਕ ਕੱਢ ਕੇ ਪਦਮ ਨੇ ਇਸ ਰਸਾਲੇ ਨੂੰ ਪੰਜਾਬੀ ਬੋਲੀ ਤੇ ਇਲਾਕਾਈ ਸੂਝ-ਬੂਝ ਬਾਰੇ ਜਾਣਕਾਰੀ ਦੇ ਇੱਕ ਅਹਿਮ ਸਰੋਤ ਦੀ ਸ਼ਕਲ ਵਿੱਚ ਸਥਾਪਿਤ ਕਰ ਦਿੱਤਾ। ਪਦਮ ਨੇ ਪਟਿਆਲੇ ਦੇ ਕਿਤਾਬਖ਼ਾਨਿਆਂ ਵਿੱਚ ਹੱਥ-ਲਿਖਤਾਂ ਨੂੰ ਇਕੱਠਾ ਕਰਨ ਵਿੱਚ ਵੀ ਵੱਡਾ ਹਿੱਸਾ ਪਾਇਆ ਅਤੇ ਬਾਅਦ ਵਿੱਚ ਸਿੱਖ ਤਾਰੀਖ਼ ਲਿਖਣ ਦੇ ਕੰਮ ਵਿੱਚ ਇਨ੍ਹਾਂ ਸੋਮਿਆਂ ਦਾ ਆਪ ਵੀ ਪੂਰਾ ਫ਼ਾਇਦਾ ਉਠਾਇਆ। ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਵਿੱਚ ਪਦਮ ਦੇ ਕੀਤੇ ਕੰਮ ਤੋਂ ਗੁਰੂ ਅਮਰਦਾਸ ਦੀ ਬਾਣੀ (1979), ਜੋ ਉਨ੍ਹਾਂ ਦੇ ਪੰਜ ਸੌ ਸਾਲਾਂ ਗੁਰਪੁਰਬ ਤੇ ਛਾਪੀ ਗਈ, ਤੇ ਬਾਅਦ ਦੇ ਸਾਲਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੇ **ਵਿਚਾਰ ਕੋਸ਼, ਸੰਕੇਤ ਕੋਸ਼,** ਤੇ **ਮਹਿਮਾ ਕੋਸ਼** ਵਰਗੀਆਂ ਸਿੱਕੇਬੰਦ ਕਿਤਾਬਾਂ ਪੈਦਾ ਹੋਈਆਂ। ਟਕਸਾਲੀ ਆਲਮ ਨੂੰ ਯੂਨੀਵਰਸਿਟੀ ਦੇ ਦਫ਼ਤਰ ਵਿੱਚ ਬੈਠ ਕੇ ਕੰਮ ਕਰਨ ਦੇ ਮੌਕਾ ਮਿਲ਼ਣ ਦੀ ਪਦਮ ਆਪਣੇ ਆਪ ਵਿੱਚ ਵਾਹਿਦ ਮਿਸਾਲ ਸੀ।

### ੪: ਕਰਿ ਚਾਨਣੁ ਸਾਹਿਬ ਤਉ ਮਿਲੈ॥ (ਮ: ੧, ੨੫)

ਪਦਮ ਦੀਆਂ ਲਿਖਤਾਂ ਦੀ ਸਰਸਰੀ ਪੜ੍ਹਤ ਵੀ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿਣ ਦੇਂਦੀ ਕਿ ਉਸ ਦੇ ਮਜ਼ਮੂਨਾਂ ਦੀ ਚੋਣ ਬਿਹਤਰੀਨ ਹੈ, ਲਿਖਣ ਦਾ ਤਰੀਕਾ ਜ਼ਹੀਨ ਹੈ, ਪੇਸ਼ ਕੀਤੀਆਂ ਦਲੀਲਾਂ ਪਾਇਦਾਰ ਹਨ, ਉਨ੍ਹਾਂ ਦੀ ਹਿਮਾਇਤ ਵਿੱਚ ਦਿੱਤੇ ਸਬੂਤ ਪ੍ਰਮਾਣਿਕ ਸੋਮਿਆਂ ਤੋਂ ਲਏ ਹੋਏ ਹਨ, ਤੇ ਹਰ ਕਿਤਾਬ ਦੀ ਲਿਖਤ ਵਿੱਚ ਆਪਣੀ ਹੀ ਤਰ੍ਹਾਂ ਦੀ ਤਾਜ਼ਗੀ ਤੇ ਨਿਵੇਕਲਾਪਣ ਹੈ।

ਪਦਮ ਦੀ ਸਿੱਖ ਆਲਮੀਅਤ ਦੇ ਦਾਇਰੇ ਨੂੰ ਦੇਣ ਦਾ ਲੇਖਾ-ਜੋਖਾ ਕਰਦਿਆਂ ਸਭ ਤੋਂ ਪਹਿਲਾਂ ਗੌਰ ਕਰਨ ਵਾਲੀ ਗੱਲ ਇਹ ਹੈ ਕਿ ਪਦਮ ਦੀ ਸੋਚ ਵਿੱਚ ਉਸ ਦੇ ਸਿੱਖ ਅਤੇ ਸਿੱਖ ਤਾਰੀਖ਼ ਦੇ ਆਲਮ ਹੋਣ ਵਿੱਚ ਕਿਸੇ ਕਿਸਮ ਦਾ ਦਵੰਦ ਨਹੀਂ ਸੀ। ਉਹ ਦਫ਼ਤਰੀ ਨਹੀਂ ਬਲਕਿ ਸਿੱਖ ਦੁਨੀਆ ਵਿੱਚ ਵਿਚਰਨ ਵਾਲਾ ਆਲਮ ਸੀ। ਗੁਰਮੱਤ, ਰਹਿਤ, ਸਿੱਖ ਤਾਰੀਖ਼ ਉਸ ਦੀ ਸੋਚ ਦੇ ਮਰਕਜ਼ ਸਨ, ਗੁਰਦੁਆਰਾ ਇਨ੍ਹਾਂ ਮੁੱਦਿਆਂ ਸਬੰਧਿਤ ਵਿਚਾਰਾਂ ਨੂੰ ਸੰਗਤ ਨਾਲ ਸਾਂਝੇ ਕਰਨ ਦਾ ਮੁਕਾਮ ਸੀ, ਤੇ ਕਥਾ/ਤਕਰੀਰ ਇਸ ਜਾਣਕਾਰੀ ਨੂੰ ਸਰੋਤਿਆਂ ਤੱਕ ਪਹੁੰਚਾਉਣ ਦਾ ਸਾਧਨ ਸੀ।

ਉਹ ਦੂਰ ਨੇੜੇ ਦਿਆਂ ਗੁਰਦੁਆਰਿਆਂ ਵਿੱਚ ਜਾਂਦਾ, ਕੀਰਤਨ ਵਿੱਚ ਆਏ ਸ਼ਬਦਾਂ ਦੀ ਵਿਆਖਿਆ ਕਰਦਾ, ਗੁਰਪੁਰਬਾਂ ਤੇ ਤਿਉਹਾਰਾਂ ਸਬੰਧੀ ਰਵਾਇਤਾਂ ਤੇ ਰੌਸ਼ਨੀ ਪਾਉਂਦਾ, ਅਤੇ ਸਿੱਖ ਕੌਮ ਦੀਆਂ ਦਰਪੇਸ਼ ਮੁਸ਼ਕਿਲਾਂ ਉੱਤੇ ਆਪਣੇ ਵਿਚਾਰ ਸੰਗਤਾਂ ਨਾਲ਼ ਸਾਂਝੇ ਕਰਦਾ। ਤਾਰੀਖ਼ ਦੀ ਅਸਲੀਅਤ ਨੂੰ ਸਹੀ ਤਰੀਕੇ ਨਾਲ ਪੇਸ਼ ਕਰਨਾ, ਸਿੱਖਾਂ ਵਿੱਚ ਆਪਣੇ ਵਿਰਸੇ ਦਾ ਮਾਣ ਵਧਾਉਣਾ, ਅਤੇ ਇਸ ਫ਼ਰਜ਼ ਨੂੰ ਆਪਣੀ ਭਾਈਚਾਰਕ ਸੇਵਾ ਦੇ ਰੂਪ ਵਿੱਚ ਵੇਖਣਾ ਉਸ ਦੀ ਸੋਚ ਦੀ ਬੁਨਿਆਦ ਸੀ। ਉਸ ਨੇ ਬਚਪਣ ਤੋਂ ਹੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪਾਠ, ਕੀਰਤਨ ਅਤੇ ਵਿਆਖਿਆ ਸੁਣੀ। ਕਿਸੇ ਵੀ ਮੁੱਦੇ ਤੇ ਗੱਲ ਕਰਦਿਆਂ ਬਾਣੀ ਦੀ ਤੁਕ ਦਾ ਹਵਾਲਾ ਦੇ ਸਕਣਾ ਉਸ ਦੀ ਸੋਚ ਦਾ ਅਨਿੱਖੜਵਾਂ ਅੰਗ ਸੀ। ਗੁਰੂ ਗ੍ਰੰਥ ਸਾਹਿਬ ਦੇ ਨਾਲ਼ ਨਾਲ਼ ਉਸ ਦੇ ਜ਼ਿਹਨ ਵਿੱਚ ਸਿੱਖ ਤਾਰੀਖ਼ੀ ਸੋਮਿਆਂ ਦਾ ਵੀ ਵੱਡਾ ਭੰਡਾਰ ਜੁੜਿਆ ਹੋਇਆ ਸੀ।

ਇੱਕ ਆਲਮ ਦੀ ਹੈਸੀਅਤ ਵਿੱਚ ਪਦਮ ਦੇ ਕੰਮ ਦਾ ਮਕਸਦ ਤਾਰੀਖ਼ੀ ਸੱਚ ਦੀ ਖੋਜ ਸੀ। ਜਦੋਂ ਪੁਰਾਤਨ ਸਰੋਤਾਂ ਵਿਚਲੀ ਜਾਣਕਾਰੀ ਅੱਜ ਕੱਲ੍ਹ ਦੇ ਸਿੱਖ ਭਾਈਚਾਰੇ ਵਿੱਚ ਪ੍ਰਚੱਲਿਤ ਰਵਾਇਤਾਂ ਦਾ ਖੰਡਨ ਕਰਦੀ ਤਾਂ ਪਦਮ ਸਪਸ਼ਟ ਤੌਰ ਉੱਤੇ ਇਨ੍ਹਾਂ ਰਵਾਇਤਾਂ ਵਿੱਚ ਬਦਲਾਅ ਦੀ ਮੰਗ ਕਰਦਾ। **ਜਨਮ ਸਾਖੀ ਬਾਬੇ ਨਾਨਕ ਕੀ** ਦੇ ਆਧਾਰ ਤੇ ਉਹ ਬਾਬੇ ਨਾਨਕ ਦੀ ਜਨਮ ਦੀ ਤਿੱਥੀ ਵਿਸਾਖ ਵਿੱਚ ਮੰਨਦਾ ਸੀ ਅਤੇ ਇਸ ਗੁਰਪੁਰਬ ਦਾ ਕੱਤਕ ਦੀ ਪੂਰਨਮਾਸ਼ੀ ਨੂੰ ਮਨਾਏ ਜਾਣ ਦੀ ਰਵਾਇਤ ਨੂੰ ਬਦਲਣ ਦੀ ਲੋੜ ਮਹਿਸੂਸ ਕਰਦਾ ਸੀ। ਪ੍ਰਮਾਣਿਕ ਸਰੋਤਾਂ ਦੇ ਆਧਾਰ ਉਤੇ ਉਹ ਗੁਰੂ ਗੋਬਿੰਦ ਸਿੰਘ ਦਾ ਜਨਮ ਸੰਨ 1661 ਵਿੱਚ ਮਿੱਥਦਾ ਸੀ ਅਤੇ 1666 ਦੀ ਰਵਾਇਤ ਨੂੰ ਬਦਲਣ ਦਾ ਚਾਹਵਾਨ ਸੀ।

ਇੱਕ ਆਲਮ ਦੇ ਨਾਤੇ ਉਹ ਤਿੱਥਾਂ ਬਾਰੇ ਦਲੀਲਾਂ ਪੁਰਾਣੇ ਸੋਮਿਆਂ ਵਿੱਚ ਮਿਲਦੀ ਜਾਣਕਾਰੀ ਦੇ ਆਧਾਰ ਤੇ ਪੇਸ਼ ਕਰਦਾ ਹੈ ਅਤੇ ਇੱਕ ਸ਼ਰਧਾਲੂ ਸਿੱਖ ਦੇ ਨਾਤੇ ਉਮੀਦ ਰੱਖਦਾ ਹੈ ਕਿ ਪੰਥ ਦੇ ਆਗੂ ਇਸ ਜਾਣਕਾਰੀ ਵੱਲ ਤਵੱਜੋਂ ਦੇਣ ਤੇ ਸਿੱਖ ਸੋਚ ਵਿੱਚ ਤਾਰੀਖ਼ੀ ਅਸਲੀਅਤਾਂ ਨੂੰ ਦਾਖ਼ਿਲ ਕਰਨ ਦੇ ਢੰਗ ਲੱਭਣ। ਪਦਮ ਵਿਵਾਦਗ੍ਰਸਤ ਮੁੱਦਿਆਂ ਨੂੰ ਮੁਖ਼ਾਤਿਬ ਕਰਨ ਤੋਂ ਬਿਲਕੁਲ ਨਹੀਂ ਘਬਰਾਉਂਦਾ ਪਰ ਨਾਲ਼ ਨਾਲ਼ ਇੱਕ ਫ਼ਰਾਖ਼ਦਿਲ ਆਲਮ ਹੋਣ ਦੇ ਨਾਤੇ ਸੋਚ ਦੇ ਮੱਤ-ਭੇਦਾਂ ਨੂੰ ਕੋਈ ਬੁਰੀ ਗੱਲ ਵੀ ਨਹੀਂ ਸਮਝਦਾ। ਉਹ ਪੁਰਾਤਨ ਸਿੱਖ 'ਪੋਥੀਆਂ' ਨੂੰ 'ਥੋਥੀਆਂ' ਸਿੱਧ ਕਰਨ ਦੀ ਬਜਾਇ ਇਨ੍ਹਾਂ ਨੂੰ ਸ਼ਿੱਦਤ ਨਾਲ਼ ਸਮਝਣ ਦੀ ਲੋੜ ਤੇ ਜ਼ੋਰ ਦੇਂਦਾ ਹੈ।

## ੫: ਸੁਖੁ ਹੋਵੈ ਸੇਵ ਕਮਾਣੀਆ॥ (ਮ: ੧, ੨੫)

ਪਦਮ ਨੇ ਸਿੱਖ ਆਲਮੀਅਤ ਦੀ ਸੇਵਾ ਤਨ, ਮਨ ਤੇ ਧਨ ਨਾਲ਼ ਕੀਤੀ। ਉਹ ਇੱਕ ਨਿਰਾਲਾ ਆਲਮ ਸੀ ਜਿਸ ਨੇ ਕਿਤਾਬਾਂ ਲਿਖੀਆਂ, ਆਪਣਾ ਪੈਸਾ ਖ਼ਰਚ ਕਰ ਕੇ ਛਪਵਾਈਆਂ, ਤੇ ਆਪ ਹੀ ਇਨ੍ਹਾਂ ਮੁੱਦਿਆਂ ਦੇ ਦੀਦਾਵਰਾਂ ਨੂੰ ਤੋਹਫ਼ੇ ਦੇ ਤੌਰ ਤੇ ਵੰਡੀਆਂ। ਇਸ ਸਿੱਖ ਭਾਈਚਾਰਕ ਸੇਵਾ ਦਾ ਕਿੱਸਾ ਇੱਥੇ ਖ਼ਤਮ ਨਹੀਂ ਹੁੰਦਾ, ਪਦਮ ਆਪਣੀ ਮਿਹਨਤ ਦੀ ਕਮਾਈ ਵਿੱਚੋਂ ਦਸਵੰਧ ਕੱਢ ਕੇ ਹਰ ਸਾਲ ਨਵੇਂ ਲਿਖਾਰੀਆਂ ਦੀ ਹੌਂਸਲਾ-ਅਫ਼ਜ਼ਾਈ ਲਈ ਪਹਿਲਾਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ, ਤੇ ਫਿਰ ਕਲਗੀਧਰ ਕਲਮ ਫ਼ਾਊਂਡੇਸ਼ਨ, ਪਟਿਆਲਾ ਦੇ ਤਹਿਤ ਇਨਾਮ ਦੇਂਦਾ ਤੇ ਨਾਲ਼ ਹੀ ਆਪਣਿਆਂ ਅਜ਼ੀਜ਼ਾਂ ਲਈ 'ਦੀਜੇ ਬੁਧਿ ਬਿਬੇਕ' ਦੀ ਅਰਦਾਸ ਕਰਦਾ।

ਹਰਿੰਦਰ ਭੈਣ, ਪਦਮ ਜੀ ਦੀ ਧੀ, ਤੇ ਸਿੰਘ ਬ੍ਰਦਰਜ਼ ਦੇ ਗੁਰਸਾਗਰ ਸਿੰਘ ਨੇ ਮਿਹਨਤ ਕਰਕੇ ਪਦਮ ਦੀਆ ਕਿਤਾਬਾਂ ਨੂੰ ਨਵੇਂ ਰੂਪ ਵਿੱਚ ਛਾਪਿਆ ਹੈ ਤੇ ਹਰ ਪੰਜਾਬੀ ਤੇ ਸਿੱਖ ਨੂੰ ਇਸ ਮਿਹਨਤ ਲਈ ਉਨ੍ਹਾਂ ਦਾ ਮਸ਼ਕੂਰ ਹੋਣਾ ਬਣਦਾ ਹੈ। ਪਿਛਲਿਆਂ ਸਾਲਾਂ ਵਿੱਚ ਪਦਮ ਦੇ ਪ੍ਰਸੰਸਕ ਆਲਮਾਂ ਨੇ ਉਸ ਦੀ ਹਯਾਤੀ ਤੇ ਲਿਖਤਾਂ ਦਾ ਮੁਤਾਲਿਆ **ਪੰਜਾਬੀ ਦੁਨੀਆ** (ਨਵੰਬਰ 2001-ਅਪਰੈਲ 2002) ਦੇ ਵਿਸ਼ੇਸ਼ ਅੰਕ ਤੇ **ਸਿਮਰਤੀ ਗ੍ਰੰਥ** (2020) ਦੀ ਸ਼ਕਲ ਵਿੱਚ ਪਾਠਕਾਂ ਨੂੰ ਦਿੱਤੇ ਹਨ, ਤੇ ਮੈਂ ਵੀ ਆਪਣੇ ਗੁਰਮੁਖ ਸੱਜਣ ਦੇ ਲੇਖਾਂ ਦੀ ਗੋਂਦ ਇਸ ਸਾਲ ਦੇ ਅਖ਼ੀਰ ਤੱਕ ਪਾਠਕਾਂ ਦੀ ਨਜ਼ਰੇ ਇਨਾਇਤ ਕਰਾਂਗਾ।

ਆਖ਼ਿਰ ਵਿੱਚ ਪਦਮ ਜਿਸ ਤਾਰਿਕਾ ਮੰਡਲ ਦਾ ਧਰੂ ਤਾਰਾ ਹੋ ਨਿੱਬੜਿਆ, ਉਸ ਬਾਰੇ ਵੀ ਚੰਦ ਲਫ਼ਜ਼ ਕਹਿਣੇ ਬਣਦੇ ਹਨ। 1920 ਦੇ ਦਹਾਕੇ ਵਿੱਚ ਪੁਰਜ਼ੋਰ ਚਲਦੀਆਂ ਅੰਮ੍ਰਿਤਸਰ ਤੇ ਤਰਨ ਤਾਰਨ ਦੀਆਂ ਟਕਸਾਲਾਂ ਗ਼ਾਇਬ ਹੋ ਚੁੱਕੀਆਂ ਹਨ ਤੇ ਸਿੱਖ ਤਾਲੀਮ ਮਿਸ਼ਨਰੀ ਅਦਾਰਿਆਂ, ਕਾਲਜਾਂ, ਅਤੇ ਯੂਨੀਵਰਸਿਟੀਆਂ ਵਿੱਚ ਚਲੀ ਗਈ ਹੈ। ਪਿਛਲੀ ਅੱਧੀ ਸਦੀ ਦੌਰਾਨ ਸਿੱਖਾਂ ਬਾਰੇ ਛਪੀਆਂ ਲਿਖਤਾਂ ਵਿੱਚ ਅੰਗ੍ਰੇਜ਼ੀ ਦੀਆਂ ਕਿਤਾਬਾਂ ਦੀ ਗਿਣਤੀ ਪੰਜਾਬੀ ਨਾਲੋਂ ਜ਼ਿਆਦਾ ਹੈ ਤੇ ਮੈਨੂੰ ਅੰਦੇਸ਼ਾ ਹੈ ਕਿ ਸਿੱਖ-ਆਲਮੀਅਤ ਨੂੰ ਮਗ਼ਰਬੀ ਸੋਚ ਤੇ ਯੂਰਪੀ ਸ਼ੀਸ਼ੇ ਦੀਆਂ ਬੋਤਲਾਂ ਵਿੱਚ ਪਾਉਂਦਿਆਂ ਪਾਉਂਦਿਆਂ ਕਿਤੇ ਇਸ ਰੂਹ-ਅਫ਼ਜ਼ੇ ਦਾ ਖ਼ੂਬਸੂਰਤ ਗ਼ੁਲਾਨਾਰੀ ਰੰਗ, ਨਾਜ਼ੁਕ-ਮਹਿਕ ਤੇ ਰੂਹ ਨੂੰ ਸਕੂਨ ਦੇਣ ਵਾਲ਼ੀ ਤਾਸੀਰ ਕਿਤੇ ਕੋਈ ਹੋਰ ਹੀ ਸੂਰਤ ਤੇ ਸੀਰਤ ਅਖ਼ਤਿਆਰ ਨਾ ਕਰ ਜਾਏ। ਮੈਂ ਤਹਿ-ਦਿਲੋਂ ਆਸ ਕਰਦਾ ਹਾਂ ਕਿ ਆਉਣ ਵਾਲ਼ੇ ਸਾਲਾਂ ਵਿੱਚ ਸਿੱਖ ਆਗੂ ਤੇ ਆਲਮ ਇਸ ਮੁੱਦੇ ਵੱਲ ਮੁਨਾਸਿਬ ਤਵੱਜੋਂ ਦੇਣਗੇ।

---

* ਪਿੰਡ ਮਾਨ, ਬਟਾਲ਼ਾ ਦੇ ਜਨਮੇ ਗੁਰਿੰਦਰ ਸਿੰਘ ਮਾਨ ਨੇ ਸਥਾਨਕ ਬੇਰਿੰਗ ਕਾਲਜ ਤੋਂ ਤਾਲੀਮ ਪੂਰੀ ਕਰਨ ਬਾਅਦ ਓਥੇ 1971 ਤੋਂ 1984 ਤੱਕ ਅੰਗਰੇਜ਼ੀ ਪੜ੍ਹਾਈ ਤੇ ਫਿਰ ਹਾਰਵਰਡ ਯੂਨੀਵਰਸਿਟੀ (1984-1987), ਕੋਲੰਬੀਆ ਯੂਨੀਵਰਸਿਟੀ (1987-1999) ਤੇ ਯੂਨੀਵਰਸਿਟੀ ਆਫ ਕੈਲੀਫ਼ੋਰਨੀਆ, ਸੈਂਟਾ ਬਾਰਬਰਾ (1999-2015) ਵਿੱਚ ਮਜ਼੍ਹਬ ਦੀ ਪੜ੍ਹਾਈ ਕੀਤੀ ਤੇ ਕਰਾਈ। ਡਾਇਰੈਕਟਰ, ਗਲੋਬਲ ਇਨਸਟੀਟਿਊਟ ਫ਼ਾਰ ਸਿੱਖ ਸਟੱਡੀਜ਼, ਨਿਊਯਾਰਕ, ਅਮਰੀਕਾ।

❖ ❖ ❖ ❖

# Sikhs are Different

## Routinisation of 'sewa' primes them to help others

**Dipankar Gupta***

Think of Sikhs and the mind conjures a barrel of laughs, a chest full of medals and a well-stocked bar. Or, to recall the old joke: Neil Armstrong lands on the moon expecting to be the first, only to find a Sikh taxi driver had beaten him to it.

That was then, but what about now? This pandemic has changed the popular image of Sikhs, not just in India, but the world over. People from distant Croatia and Syria acknowledged the help Sikhs gave them during their nightmare moments, and neither did US hesitate to rename New York's 101 as Punjab Avenue to honour the contribution of Sikhs to the city.



Nearer home, in India, the impressive contribution of Sikh organisations in fighting the ongoing pandemic has been cited in the press and in the media in the most glowing terms. From providing oxygen, to ambulatory service, to feeding the poor, the Sikhs are nearly always the first to help. Even when relations quail to pick up a Covid corpse, Sikh volunteers willingly, and unhesitatingly, come forward.

There has to be a special reason for this. The answer lies in Sikh religion. Yes, of course, Sikhism, like every religion professes universal love, encourages altruism and promotes compassion. But it does something more which no other religious denomination does and that aspect is lodged in Sikhism's main frame. It is in Sikhism alone that service to others is an important aspect of devotional practice for the laity, especially for the laity, within the temple premises.

True, other religions have saints, healers and preceptors too, yet in Sikhism alone it is the laity and not the virtuosos, it is the everyday worshipper and not the ordained priests, who are the heroes. It is they who uphold the fundaments of their religion, its absolutely essential core, by serving others and performing 'sewa'.

It begins with the person who puts away your shoes at the temple gates, to the person who assiduously sweeps the temple floors, to those who stand over hot fires in the kitchen 'langar'. It is the routinisation of these everyday acts of service that primes Sikhs to reach out to others even where there is no gurdwara in sight. They still call that 'kar sewa', or serving the house of God, because God is everywhere.

In Sikhism, it is not the great, the gifted, the sage who serves ordinary people but it is ordinary people who serve ordinary people. Nor is there a special premium reserved in Sikhism for serving the guru, the maulvi, the deacon, which is above serving everyday people including those who are non-Sikhs too.

If Sikh gurdwaras are spotlessly clean, langars bountiful, and there is shelter for all, then that is because devotees practise service as a routine religious act and not as a deliberated heroic act.

For such 'sewa' to be performed, Sikhs don't need the 'granthi', the priest, or the 'raagi', nor sundry virtuosos to sign up. The communion, or the 'sangat', does not just pray together, but serves together as well. Nor does this service happen on special occasions determined by the movement of

heavenly bodies. 'Sewa' is a routine daily activity without which everyday worship by everyday Sikhs is incomplete.

Charity is not a standalone attribute in Sikhism. When Sikhs step out to help others they do not do it as charity, but as service first. Charity is not uppermost in their minds as it may be in other religions. Service is more immediate and has to be done at close quarters. Charity and almsgiving are not quite the same for they can be performed at a distance. To perform service trumps plain charity, because when service begins at home, especially at the home of God, can charity be far behind?

It is this unique aspect of Sikhism that makes Sikhs stand out in times of trouble. It is not because Sikhs are brave, for some mysterious genetic reason, that they jump into the fray and face dangerous wars and viruses without a thought. There are brave people in all communities, the Marathas, the Gorkhas, the Rajputs, and the list goes on. Sikh bravery is not bravery first, but service first and that is where the difference lies. A Sikh may be a 'Rambo' outside, but bring one such person to a gurdwara and you will find a devotee at heart.

Even in the gurdwara, the donation that Sikhs make before the book is not marked by grandstanding of the kind that other charity events are. The money is slipped, unannounced and with no fanfare, into the collection box. Who has given how much is not known and no receipts are issued, no loudspeaker commends the generous giver and that is what makes this act a commendably egalitarian one. Rich and poor are all the same as they approach the Holy Book under the canopy.

It is this centralisation of service as ritual that marks Sikhism out from other religions and gives it its remarkable and unique feature. It is this that primarily explains why so many Sikhs, in temple organisations and outside, are willing to risk their lives to save distraught patients. When others have either turned their backs, or pleaded helplessness, trust a Sikh to fill in the breach. To modify a popular riff: 'A Sikh who does sewa is worth sawa lakh'!

---

* Dipankar Gupta taught Sociology for nearly three decades in the School of Social Sciences, Jawaharlal Nehru University, New Delhi. Courtesy - *Times of India*

❖ ❖ ❖ ❖

# Seva in Sikhism

The term *seva* literally means service but in Guru's usage it has a much wider devotional connotation. Because of this any interpretation of *seva* in ethical terms alone does not do full justice to it. When we speak of *seva* as a Sikh way of realization we take the term to mean both the service of mankind and devotion to God.

The Gurus have mentioned some pre-requisites of *seva*, without which its performance may not yield proper results. *Seva*, as has been recommended by the Guru should be free from any expectation of a reward.? It should be *nihkama* (free from desire). A self-centred or conceited person cannot be expected to do *seva.* Service demands self-sacrifice. It can be performed only if the heart is free from *haumai* (egoism). Complete surrender to the Will of God is another requisite of *seva*. It should be voluntary or self-imposed and sincere. Service done under compulsion cannot be of much good.

*Seva*, thus, as understood in *gurbani* is the service of mankind without the expectation of any reward and is one of the forms of devotion to God. It may be the upkeep of a gurdwara, serving water to the members of the congregation, fanning them, service in the common kitchen and dusting the footwears of the congregation. Providing free food and reading out the Scripture are some of the other types of *seva* that are acceptable to Guru.


It is of special interest to note that most of the various forms of service recommended by the Guru are considered to be lowly by the people of India. Clearly the Gurus had done so.

If we want to *serve* God we have to meditate on Him (*nam*) and continually remember Him (*simran*). Only a person with a heart full of devotion and love for God can serve mankind. Every form of service ultimately is the service of God, for God is the sole Creator of everything.

Dr. Darshan Singh,
*Journal of Sikh Studies*
February, 1978

❖ ❖ ❖ ❖

ਦੋਹਾਂ ਨੂੰ ਵਿਚਕਾਰ ਲੈ ਕੇ ਘੋੜਿਆਂ ਤੇ ਬਿਠਾ ਕੇ ਕੂਚ ਕੀਤੀ। ਜਿਥੋਂ ਤੱਕ ਵੱਸ ਚਲਿਆ ਜੰਗ ਨਹੀਂ ਕੀਤਾ, ਪਰ ਜੇ ਕਿਸੇ ਅਗੋਂ ਮੁਕਾਬਲਾ ਕੀਤਾ ਤਾਂ ਵਾਰ ਝਾੜਿਆ, ਐਉਂ ਲਗ ਭਗ ਸਾਫ ਹੀ ਨਿਕਲ ਆਏ, ਤੇ ਉਸੇ ਦਿਨ ਆਨੰਦਪੁਰ ਆ ਪਹੁੰਚੇ। ਜਦੋਂ ਸਤਿਗੁਰੂ ਜੀ ਦੇ ਦੀਵਾਨ ਵਿਚ ਆਏ ਤਾਂ ਹੋਣਹਾਰ ਨੌਂ-ਨਿਹਾਲ ਨੇ ਦੁਇ, ਪਠਾਣ ਤੇ ਬ੍ਰਾਹਮਣੀ ਸਭਾ ਵਿਚ ਪੇਸ਼ ਕੀਤੇ।




ਨਜਾਯਸ਼ੀਲ ਦਾਤਾ ਜੀ ਨੇ ਜਾਬਰ ਖਾਂ ਨੂੰ ਉਸ ਦੀਆਂ ਇਹ ਤੇ ਅਗਲੀਆਂ ਪਿਛਲੀਆਂ ਬਦੀਆਂ ਦੇ ਬਦਲੇ ਦੰਡ ਦਿਤਾ। ਜਾਬਰ ਖਾਂ ਜਿਸ ਨੇ ਜ਼ੁਲਮ ਦਾ ਬਜ਼ਾਰ ਗਰਮ ਕਰ ਰਖਿਆ ਸੀ, ਤੀਰ ਦੇ ਘਾਟ ਉਤਾਰਿਆ ਗਿਆ ਤੇ ਬ੍ਰਾਹਮਣੀ ਬ੍ਰਾਹਮਣ ਨੂੰ ਦਿਵਾਈ ਗਈ। **ਤਵਾਰੀਖ ਖਾਲਸਾ** ਵਿਚ ਲਿਖਿਆ ਹੈ ਕਿ ਬ੍ਰਾਹਮਣੀ ਨੂੰ ਉਸਦੇ ਭਾਈਚਾਰੇ ਵਿਚ ਵੀ ਮਿਲਾਇਆ ਗਿਆ। ਜਾਪਦਾ ਹੈ ਕਿ ਬ੍ਰਾਹਮਣ ਨੂੰ ਜਾਂ ਇਸਤ੍ਰੀ ਮਿਲ ਗਈ, ਤਦ ਉਸਦੀ ਦੂਸਰੀ ਮੁਸ਼ਕਲ ਇਹ ਸੀ ਕਿ ਉਹ ਜੋ ਤੁਰਕ ਦੇ ਘਰ ਰਹਿ ਆਈ ਹੈ, ਚਾਹੇ ਉਹ ਮੱਲੋ ਮੱਲੀ ਲਿਜਾਈ ਗਈ ਬੇਦੋਸ਼ ਸੀ ਪਰ ਉਹ ਹੁਣ ਮੁੜ ਹਿੰਦੂ ਨਹੀਂ ਹੋ ਸਕਦੀ। ਇਸ ਬਿਪਤਾ ਨੂੰ ਦੂਰ ਕਰਨ ਲਈ ਆਨੰਦਪੁਰ ਹੀ ਓਹ ਸ਼ੁਧ ਕੀਤੀ ਗਈ ਤੇ ਆਨੰਦਪੁਰ ਵਿਚ ਵਸਦੇ ਬ੍ਰਾਹਮਣ ਭਾਈਚਾਰੇ ਵਿਚ ਵੀ ਅਭੇਦ ਵਰਤਾਈ ਗਈ, ਤਾਂ ਕਿ ਜਦੋਂ ਬ੍ਰਾਹਮਣ ਹੁਸ਼ਿਆਰਪੁਰ ਆਪਣੇ ਘਰ ਅੱਪੜੇ ਤਾਂ ਉਸਦਾ ਟੱਬਰ ਕਬੀਲਾ ਉਸ ਨੂੰ ਛੇਕ ਨਾ ਦੇਵੇ। ਤੇ ਉਹ ਹੋਰ ਕਸ਼ਟ ਵਿਚ ਨਾ ਪਵੇ। ਸਤਿਗੁਰ ਜੀ ਦੀ ਇਸ ਕਰਨੀ ਪਰ ਘਰ ਘਰ ਕੀਰਤਿ ਫੈਲੀ।

ਅਸਲ ਵਿਚ ਸਾਧ ਸੰਗਤ ਜੀ! ਅਜ ਕਲ ਉਹਨਾਂ ਸਮਿਆਂ ਨੂੰ ਛੇਤੀ ਨਾਲ ਸਮਝ ਸਕਣਾ ਕਠਨ ਹੈ। ਸਦੀਆਂ ਦੀ ਜ਼ੁਲਮ ਦੀ ਤਲਵਾਰ ਨਾਲ ਮਾਰੀਂਦੀ ਹਿੰਦੂ ਜਾਤੀ ਅਤਿ ਦੁਖੀ ਤੇ ਹੀਣੀ ਹੋ ਰਹੀ ਸੀ। ਇਹ ਕਿਸ ਵਿਚ ਖਜਾਲ ਕਰਨ ਦਾ ਹੌਂਸਲਾ ਸੀ ਯਾ ਕਿਸੇ ਨੂੰ ਆਸ ਹੋ ਸਕਦੀ ਸੀ ਕਿ ਕੋਈ ਗੈਰ ਮੁਸਲਿਮ ਕਿਸੇ ਤੁਰਕ ਪਠਾਣ ਤੋਂ ਵੀ ਤਕੜਾ ਤੇ ਹੌਸਲੇ ਵਾਲਾ ਹੋਵੇ, ਤੇ ਕੋਈ ਖਿਆਲ ਵੀ ਨਹੀਂ ਸੀ ਕਰ ਸਕਦਾ ਕਿ ਕੋਈ ਇਨ੍ਹਾਂ ਨੂੰ ਦੰਡ ਦੇ ਸਕਦਾ ਹੈ। ਇਹ ਮੋਈ ਸੁਰਤ ਦਾ ਜੀਉਂਦੇ ਕਰ ਦੇਣਾ, ਇਹ ਦੇਸ਼ ਦੀ ਗਈ ਸੁਰਤ ਦਾ ਮੁੜ ਵਾਪਸ ਲਿਆ ਦੇਣਾ, ਇਹ ਨਿਤਾਣੀ ਕੌਮ ਵਿਚ ਤਾਣ ਭਰ ਦੇਣੀ ਤੇ ਹੌਂਸਲੇ ਵਧਾ ਦੇਣੇ, ਇਹ ਸਭ ਤੋਂ ਵੱਡਾ ਕੰਮ ਸੀ ਜੋ ਅਸੰਭਵ ਤੋਂ ਗੁਰੂ ਜੀ ਨੇ ਸੰਭਵ ਕਰ ਦਿਖਾਇਆ। ਇਸ ਲਈ ਇਸ ਵਾਕਿਆ ਪਰ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ :-

ਇਸ ਚਰਿਤ੍ਰ ਕੋ ਸੁਨ ਜਗ ਸਾਰਾ।
ਸ੍ਰੀ ਸਤਿਗੁਰ ਜਸ ਮਹਿਦ ਉਚਾਰਾ।

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...**

# ਗਈ ਬਹੋੜ

(ਗ੍ਰਿਹਸਤ-ਉਦਾਸ ਆਦਰਸ਼)

ਜਥਾ ਚਾਂਦਨੀ ਨਿਰਮਲ ਹੋਤ।
ਤਿਮ ਘਰ ਘਰ ਮਹਿਂ ਸੁਜਸ ਉਦੋਤ।
ਮਨਹੁ ਮਾਲਤੀ ਫੂਲਤ ਝੂਲੀ।
ਰਾਇਬੇਲ ਕੈ ਸੁੰਦਰ ਫੂਲੀ।
ਜਹਿਂ ਜਹਿਂ ਕੀਰਤ ਵਰਨਨ ਕਰਤੇ।
ਧੰਨ ਧੰਨ ਪ੍ਰਭੁ ਧੰਨ ਉਚਰਤੇ। - (ਗੁ: ਪ੍ਰ: ਸੂਰਜ)

ਸੋ ਸਾਧ ਸੰਗਤ ਜੀ! ਪਾਵਨ ਸਤਿਗੁਰ ਦਾ ਅੱਜ ਅਵਤਾਰ ਦਾ ਦਿਨ ਹੋਣ ਕਰਕੇ ਸਾਡੇ ਲਈ ਉਹਨਾਂ ਦੇ ਜੀਵਨ ਤੇ ਕਰਨੀਆਂ ਨੂੰ ਮੁੜ ਯਾਦ ਕਰਾਉਣ ਵਾਲਾ ਸੁਭਾਗ ਸਮਾਂ ਹੈ। ਹਾਂ, ਅਜ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਸਾਂ ਜਸ ਸੁਣਿਆ ਹੈ, ਉਸ ਦੇ ਬਖਸ਼ੇ ਆਦਰਸ਼ਾਂ ਵਿਚੋਂ ਕੁਛਕ ਨੂੰ ਸਮਝਿਆ ਹੈ, ਉਸ ਮੇਹਰਾਂ ਦੇ ਸਾਂਈਂ ਦੀ ਅਵਤਾਰ ਕਥਾ ਮੁੜ ਚੇਤੇ ਕੀਤੀ ਹੈ ਤੇ ਉਸ ਸੂਰੇ ਸਤਿਗੁਰ ਦੀਆਂ ਕਰਨੀਆਂ ਤੇ ਉਪਕਾਰਾਂ ਦੇ ਸਮੁੰਦਰ ਵਿਚੋਂ ਇਕ ਦੋ ਵਾਰਤਾ ਨੂੰ ਦੁਹਰਾ ਕੇ ਆਪਣੇ ਆਪ ਨੂੰ ਉਸ ਵਰਿਯਾਮ ਗੁਰੂ ਦੀ ਯਾਦ ਨਾਲ ਪ੍ਰਫੁੱਲਤ ਕੀਤਾ ਹੈ। ਜੋ ਸਮੇਂ ਦੀ ਵਿੱਥ ਕਰਕੇ ਸਾਡੇ ਤੇ ਉਹਨਾਂ ਵਿਚ ਵਿੱਥ ਭਾਸਦੀ ਹੈ ਹੁਣ ਉਹ ਨਾ ਭਾਸੇ, ਅਸੀਂ ਆਪ ਨੂੰ ਅਜ ਉਹਨਾਂ ਦੀ ਹਜ਼ੂਰੀ ਵਿਚ ਪ੍ਰਤੀਤ ਕਰੀਏ ਤੇ ਉਸ ਜੀਵਨ ਵਿਚ ਉਮਗੀਏ, ਜੋ ਉਸ ਪਿਆਰਾਂ ਵਾਲੇ ਪਿਤਾ ਨੇ ਸਾਨੂੰ ਬਖਸ਼ਿਆ ਤੇ ਸਾਨੂੰ ਅਪਣਾਕੇ ਆਖਿਆ ਕਿ, 'ਖਾਲਸਾ ਮੇਰੋ ਰੂਪ ਹੈ ਖ਼ਾਸ॥ ਖ਼ਾਲਸੇ ਮਹਿ ਹੌ ਕਰੌ ਨਿਵਾਸ॥'

ਮੇਰੀ ਅੰਤਮ ਪ੍ਰਾਰਥਨਾ ਸਾਰੀ ਸੰਗਤ ਦੀ ਸੇਵਾ ਵਿਚ ਇਹ ਹੈ (ਕਿ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਾਡੇ ਵਿਚ ਪ੍ਰਚਾਰ ਪਾ ਗਈ ਹੈ ਤੇ ਖੁਸ਼ੀ ਹੈ ਕਿ ਦਿਨੋਂ ਦਿਨ ਪ੍ਰਚਾਰ ਵਧ ਰਿਹਾ ਹੈ, ਇਸੇ ਤਰ੍ਹਾਂ ਦਸਮੇਸ਼ ਜੀ ਦੀ ਬਾਣੀ ਭੀ ਪ੍ਰਚਾਰ ਪਾਵੇ। ਰਹਿਰਾਸ ਵਿਚ ਬਾਣੀ ਆ ਜਾਂਦੀ ਹੈ, ਕੁਛ ਸ੍ਵੈਯੇ ਤੇ ਜਾਪ ਸਾਹਿਬ ਨਿਤਨੇਮ ਵਿਚ ਹੈ। ਇਨ੍ਹਾਂ ਬਾਣੀਆਂ ਦਾ ਪਾਠ ਕਰੀਏ ਤੇ ਵੀਚਾਰੀਏ। ਸਾਨੂੰ ਆਪ ਦੀ ਹੋਰ ਰਚਨਾ ਭੀ ਵਿਸ਼ੇਸ਼ ਧਿਆਨ ਦੇ ਕੇ ਪੜ੍ਹਨੀ ਚਾਹੀਏ। ਜਾਪ, ਸ੍ਵੈਯੇ, ਸ਼ਬਦ ਹਜ਼ਾਰੇ ਆਦਿਕ ਕਈ ਬਾਣੀਆਂ ਦਸ਼ਮੇਸ਼ ਪਿਤਾ ਜੀ ਦੀਆਂ ਹਨ, ਬੀਰ ਰਸ ਉਦੀਪਨ ਕਰਨ ਵਾਲੀ ਬਾਣੀ ਭੀ ਹੈ। ਕੌਮ ਵਿਚ ਇਹ ਰਸ ਤਾਜ਼ਾ ਰੱਖਣ ਵਾਸਤੇ ਇਹ ਰਚਨਾਂ ਪੜ੍ਹਨੀ ਤੇ ਵੀਚਾਰਨੀ ਚਾਹੀਏ। ਇਹ ਸਤਿਗੁਰਾਂ ਨੇ ਰਚੀ ਤੇ ➢ ➢

ਖਾਲਸਾ ਸਮਾਚਾਰ ੧੦੦ ਸਾਲ ਪਹਿਲਾਂ
ਹਫ਼ਤਾਵਾਰ ਪੰਜਾਬੀ ਪਰਚਾ

7 ਜੁਲਾਈ, 1921

## ਅਕਾਲੀ ਦਲ ਦੇ ਗੁਰਮਤੇ

27 ਤੇ 29 ਨੂੰ ਅਕਾਲੀ ਦਲ ਦੀ ਜੋ ਮੀਟਿੰਗ ਹੋਈ, 25 ਜਥਿਆਂ ਦੇ 200 ਪ੍ਰਤੀਨਿਧ ਸ਼ਾਮਲ ਸਨ, ਉਸ ਵਿਚ ਹੇਠ ਲਿਖੇ ਭਾਵ ਦੇ ਗੁਰਮਤੇ ਪਾਸ ਹੋਏ, 42 ਮੈਂਬਰਾਂ ਦੀ ਜਨਰਲ ਕਮੇਟੀ ਬਣਾਈ ਗਈ, 9 ਮੈਂਬਰ ਨਾਮੀਨੇਟ ਕੀਤੇ ਗਏ, ਕਮੇਟੀ ਦੇ ਪਰਧਾਨ ਸਰਦਾਰ ਸਰਮੁਖ ਸਿੰਘ ਝਬਾਲ, ਅਤੇ ਮੀਤ ਪ੍ਰਧਾਨ ਸੁੱਚਾ ਸਿੰਘ ਸਰਗੋਧਾ, ਸਕੱਤ੍ਰ ਵਰਿਆਮ ਸਿੰਘ, ਸੰਯੁਕਤ ਸਕੱਤ੍ਰ ਭਾਈ ਸ਼ੇਰ ਸਿੰਘ ਤੇ ਖਜ਼ਾਨਚੀ ਸਰਦਾਰ ਦਾਨ ਸਿੰਘ।

ਰਾਜਗੜ੍ਹ ਅਕਾਲੀ ਜਥੇ ਵਲੋਂ ਸਰਬ ਸੰਮਤੀ ਨਾਲ ਏਲਾਨ ਕੀਤਾ ਗਿਆ ਕਿ ਹਰ ਮਨੁੱਖ ਨੂੰ ਭਾਵੇਂ ਉਹ ਕਿਸੇ ਜਾਤ ਤੇ ਕੁਨਬੇ ਦਾ ਹੋਵੇ ਅੰਮ੍ਰਿਤ ਛਕਾਕੇ ਸਿੰਘ ਸਜਾਇਆ ਜਾ ਸਕਦਾ ਹੈ ਸ੍ਰੀ ਹਰਿਮੰਦਰ ਸਾਹਿਬ ਦੇ ਪੁਜਾਰੀ ਤੇ ਗ੍ਰੰਥੀ ਕਾਲੇ ਦਸਤਾਰੇ ਤੇ ਗਾਤਰੇ ਵਾਲੀਆਂ ਕ੍ਰਿਪਾਨਾਂ ਸਜਾਣ, ਅਕਾਲੀ ਜਥੇ ਵਲੋਂ ਕ੍ਰਿਪਾਨਾਂ ਦੀ ਦੁਕਾਨ ਖੋਹਲੀ ਜਾਏ।

## ਨੀਤੀ ਸ਼ਤਕ

ਇਕ ਰਾਜਾ ਦੇ ਵਜ਼ੀਰ ਨੇ ਆਪਣੇ ਸੁਭਾਵ ਅਨੁਸਾਰ ਰਾਜਾ ਨੂੰ ਖਿਮਾਂ, ਸੰਤੋਖ, ਸ਼ੁਭ ਆਚਾਰ, ਸਚਾਈ ਅਤੇ ਸਤਿਸੰਗਤ ਆਦੀ ਸ਼ੁਭ ਗੁਣਾਂ ਵਲੋਂ ਤੋੜ ਔਗਣਾਂ ਦਾ ਗਾਹਕ ਬਣਾ ਦਿੱਤਾ, ਬੱਸ ਫੇਰ ਕੀ ਸੀ ਦਿਨਾਂ ਅੰਦਰ ਹੀ ਸਾਰੀ ਪਰਜਾ ਦੁਖ ਦਸ਼ਾ ਵਿਚ ਪੁਜ ਪਈ, ਹਰ ਇਕ ਆਦਮੀ ਇਸਦੇ ਪਿਤਾ ਪਿਤਾਮਾਂ ਦੇ ਸਮੇਂ ਦਾ ਰਾਜ ਸਮਾਂ ਚਿੰਤਨ ਕਰ ਕਰ ਝੂਰਨ ਲਗ ਪਿਆ। ਕਈ ਤ੍ਰੀਕਿਆਂ ਨਾਲ ਇਸ ਪਾਸ ਪ੍ਰਾਰਥਨਾ ਕੀਤੀਆਂ, ਪਰ ਇਕ ਨਾ ਸਿਰੇ ਚੜ੍ਹੀ। ਅੱਚਨਚੇਤ ਇਕ ਮਹਾਤਮਾਂ ਆਏ, ਸਭ ਤੋਂ ਪੈਹਲੇ ਮੰਤ੍ਰੀ ਜੀ ਨੂੰ ਸਤਸੰਗਤ ਕਰਨ ਦਾ ਸੁਭਾ ਪਾਕੇ ਸੰਤ ਜੀ ਮੰਤ੍ਰੀ ਸਮੇਤ ਰਾਜਾ ਪਾਸ ਪੁਜੇ, ਜਿਸ ਵਜ਼ੀਰ ਨੇ ਤ੍ਰਿਸ਼ਨਾਂ ਦੀ ਅੱਗ ਲਾ ਕੇ ਰਾਜੇ ਨੂੰ ਅੱਠੇ ਪੈਹਰ ਕਮਲਾ ਕਰ ਛਡਿਆ ਸੀ, ਉਸਨੇ ਆਪਣੀ ਰਸਨਾ ਦੁਆਰੇ ਯੋਗ ਰਾਜਨੀਤੀ ਵਰਤ ਕੇ ਰਾਜਾ ਨੂੰ ਸੁਖੀ ਕਰਨ ਵਿਚ ਸਹਾਇਤਾ ਕੀਤੀ, ਦੁਖੀ ਹੋ ਕੇ ਨਿਕਲ ਗਏ ਆਦਮੀ ਫੇਰ ਆ ਗਏ, ਉਜੜੇ ਹੋਏ ਥਾਵਾਂ ਨੂੰ ਵੱਸ ਪੈਣ ਦੀ ਦਾਤ ਮਿਲੀ ਤੇ ਰਾਜਾ ਪਰਜਾ ਵਿਚ ਸੁਖ, ਸ਼ਾਂਤ ਵਰਤ ਗਈ। ਇਸੇ ਭਾਵ ਤੇ ਭਰਥਰੀ ਜੀ ਨੇ ਕਿਹਾ ਹੈ :-

ਖਿਮਾ ਧਰੋ ਛੱਡੋ ਤ੍ਰਿਸ਼ਨਾ  
ਪਾਪਾਂ ਦਾ ਕਰ ਤਯਾਗ।  
ਮਦ ਤਯਾਗੋ, ਸੱਚੇ ਰਹੋ,  
ਸੰਤ ਮਰਯਾਦਾ ਲਾਗ  
ਪੜ੍ਹਿਆਂ ਦੀ ਸੇਵਾ ਕਰੋ,  
ਵੱਡਯਾਂ ਮਾਨ ਕਰਾਇ।  
ਵੈਰੀ ਭੀ ਪਰਸਿੰਨ ਕਰੁ,  
ਗੁਣ ਅਪਨੇ ਵਿਦਤਾਇ।  
ਜਸ ਅਪਨੇ ਦੀ ਪਾਲਨਾ,  
ਦੁਖੀਆਂ ਦਰਦ ਵੰਡਾਇ  
ਜਿਨ੍ਹਾਂ ਵਿੱਚ ਏਂ ਲੱਛਣੰ,  
ਸੱਤ ਪੁਰਖ ਓ ਠੀਕ  
ਏ ਲੱਛਣ ਪਰ ਜਾਣਨੇ,  
ਦੁਰਲੱਭ ਬੜੇ ਅਮੀਕ

## ਸ਼ਰਾਬ ਦੀ ਬੰਦਸ਼

ਸ਼ਰਾਬ ਦੇ ਹੱਥੋਂ ਹਿੰਦੀਆਂ ਨੂੰ ਤਬਾਹ ਹੋਣ ਤੋਂ ਬਚਾਣ ਲਈ ਜੋ ਯਤਨ ਹੋ ਰਹੇ ਹਨ, ਉਹਨਾਂ ਤੋਂ ਫ਼ੈਸਲਾ ਹੋਇਆ ਹੈ ਕਿ ਹਰ ਮਯੂਨਸੀਪਲ ਕਮੇਟੀ ਆਪਣੇ ਹਾਤੇ ਵਿਚੋਂ ਦੋ ਤਿਹਾਈ ਦੁਕਾਨਾਂ ਆਪਣੇ ਆਪ ਬੰਦ ਕਰ ਸਕਦੀ ਹੈ ਤੇ ਬਾਕੀ ਇਕ ਤਿਹਾਈ ਵੋਟਰਾਂ ਦੀ ਰਾਇ ਨਾਲ ਬੰਦ ਕਰ ਸਕਦੀ ਹੈ। ਇਸੇ ਤਰ੍ਹਾਂ ਡਿਸਟ੍ਰਿਕਟ ਬੋਰਡ 50 ਫੀ-ਸਦੀ ਆਪਣੇ ਆਪ ਤੇ 50 ਫੀ-ਸਦੀ ਵੋਟਰਾਂ ਦੀ ਰਾਇ ਨਾਲ ਬੰਦ ਕਰ ਸਕਦੇ ਹਨ।

---

➢➢ ਰਚਵਾਈ ਏਸੇ ਵਾਸਤੇ ਸੀ। ਜਿਹਾ ਕੁ ਚੰਡੀ ਦੀ ਵਾਰ ਆਦਿਕ ਹੈਨ। ਉਹਨਾਂ ਦਾ ਮਤਲਬ ਇਹ ਨਹੀਂ ਸੀ ਕਿ ਅਸੀਂ ਆਪਣੇ ਇਸ਼ਟ ਦੇਵ ਸ੍ਰੀ ਅਕਾਲ ਪੁਰਖ ਤੇ ਦਸਾਂ ਗੁਰਾਂ ਦੀ ਥਾਂਵੇਂ ਦੇਵੀ ਨੂੰ ਮੰਨ ਲਈਏ ਪਰ ਇਹ ਕਿ ਇਸ ਨੂੰ ਪੜ੍ਹ ਕੇ ਸਾਡੀਆਂ ਰਗਾਂ ਦਾ ਖੂਨ ਸਰਦੀ ਖਾਣ ਦੀ ਥਾਂ ਬੀਰ ਰਸੀ ਉਤਸ਼ਾਹ ਵਿਚ ਆਵੇ। ਇਸੀ ਤਰ੍ਹਾਂ ਸਾਹਿਤ ਤੇ ਫਲਸਫਾ ਲਈ ਵੀ ਰਚਨਾ ਹੈ, ਜੋ ਸਾਹਿਤ ਕਿ ਕਮਾਲ ਦਾ ਹੈ।

ਦੂਸਰੀ ਗਲ ਇਹ ਹੈ ਕਿ ਅਸੀਂ ਪੰਜਾਬੀ ਦਾ ਬੜਾ ਪ੍ਰਚਾਰ ਕੀਤਾ ਹੈ, ਕਰਨਾ ਚਾਹੀਦਾ ਹੈ ਇਸੇ ਵਿਚ ਸਾਡਾ ਸੁਖ ਹੈ, ਪਰ ਦਸਮੇਸ਼ ਪਿਤਾ ਜੀ ਨੇ ਬਹੁਤ ਰਚਨਾ ਬ੍ਰਿਜ ਭਾਸ਼ਾ ਵਿਚ ਕੀਤੀ ਹੈ। ਅਰ ਉਹ ਰਚਨਾ ਚੋਟੀ ਦੀ ਸ਼ੁਧ ਤੇ ਅਲੰਕਾਰਕ ਬੋਲੀ ਵਿਚ ਹੈ। ਫਿਰ 52 ਕਵੀਆਂ ਨੇ ਤੇ ਮਗਰੋਂ ਹੋਰ ਸਿੰਘ ਤੇ ਸਿੱਖ ਕਵੀਆਂ ਨੇ ਬ੍ਰਿਜ ਭਾਸ਼ਾ ਨੂੰ ਓਹ ਚਾਰ ਚੰਨ ਲਾਏ ਕਿ ਹਿੰਦੀ ਦੇ ਹਿੰਦੂ ਕਵੀਆਂ ਤੋਂ ਬੜ ਚੜ੍ਹ ਕੇ ਨਿਤਰੇ ਹਨ। **ਸੂਰਜ ਪ੍ਰਕਾਸ਼** ਓਸੇ ਬੋਲੀ ਵਿਚ ਹੈ, ਹੋਰ ਅਨੇਕਾਂ ਗ੍ਰੰਥ ਹਨ। ਸਾਨੂੰ ਓਹ ਖਜ਼ਾਨਾ ਸੱਟ ਨਹੀਂ ਦੇਣਾ ਚਾਹੀਏ। ਸਿੱਖ ਕਵੀਆਂ ਦੀ ਉਸ ਬੋਲੀ ਦੀ ਰਚਨਾਂ ਕਾਇਮ ਰਖਣੀ ਚਾਹੀਏ। ਦਸਮ ਗੁਰਾਂ ਦੀ ਬਾਣੀ ਦਾ ਅਭਿਆਸ ਸਾਨੂੰ ਉਸ ਬੋਲੀ ਵਿਚ ਪੂਰੀ ਵਾਕਫੀ ਦੇ ਦੇਂਦਾ ਹੈ।

(ਚਲਦਾ)

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੮੩, ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੫੫੫}

[ਵਡਹੰਸੁ ਮਹਲਾ ੩, ਅਲਾਹਣੀ-੨-੭]

## ਮੂਲ

ਵਡਹੰਸੁ ਮਹਲਾ ੩॥ ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰਿ॥ ਅਵਗਣਵੰਤੀ ਪਿਰੁ ਨ ਜਾਣਈ ਮੁਠੀ ਰੋਵੈ ਕੰਤ ਵਿਸਾਰਿ॥ ਰੋਵੈ ਕੰਤ ਸੰਮਾਲਿ ਸਦਾ ਗੁਣ ਸਾਰਿ ਨਾ ਪਿਰੁ ਮਰੈ ਨ ਜਾਏ॥ ਗੁਰਮੁਖਿ ਜਾਤਾ ਸਬਦਿ ਪਛਾਤਾ ਸਾਚੈ ਪ੍ਰੇਮਿ ਸਮਾਏ॥ ਜਿਨਿ ਅਪਣਾ ਪਿਰੁ ਨਹੀ ਜਾਤਾ ਕਰਮ ਬਿਧਾਤਾ ਕੂੜਿ ਮੁਠੀ ਕੂੜਿਆਰੇ॥ ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰੇ॥੧॥

ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰਾ॥ ਮਾਇਆ ਮੋਹੁ ਖੁਆਇਅਨੁ ਮਰਿ ਜੰਮੈ ਵਾਰੋ ਵਾਰਾ॥ ਮਰਿ ਜੰਮੈ ਵਾਰੋ ਵਾਰਾ ਵਧਹਿ ਬਿਕਾਰਾ ਗਿਆਨ ਵਿਹੂਣੀ ਮੂਠੀ॥ ਬਿਨੁ ਸਬਦੈ ਪਿਰੁ ਨ ਪਾਇਓ ਜਨਮੁ ਗਵਾਇਓ ਰੋਵੈ ਅਵਗੁਣਿਆਰੀ ਝੂਠੀ॥ ਪਿਰੁ ਜਗਜੀਵਨੁ ਕਿਸਨੋ ਰੋਈਐ ਰੋਵੈ ਕੰਤੁ ਵਿਸਾਰੇ॥ ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰੇ॥੨॥

ਸੋ ਪਿਰੁ ਸਾਚਾ ਸਦ ਹੀ ਸਾਚਾ ਹੈ ਨਾ ਓਹੁ ਮਰੈ ਨ ਜਾਏ॥ ਭੂਲੀ ਫਿਰੈ ਧਨ ਇਆਣੀਆ ਰੰਡ ਬੈਠੀ ਦੂਜੈ ਭਾਏ॥ ਰੰਡ ਬੈਠੀ ਦੂਜੈ ਭਾਏ ਮਾਇਆ ਮੋਹਿ ਦੁਖੁ ਪਾਏ ਆਵ ਘਟੈ ਤਨੁ ਛੀਜੈ॥ ਜੋ ਕਿਛੁ ਆਇਆ ਸਭੁ ਕਿਛੁ ਜਾਸੀ ਦੁਖੁ ਲਾਗਾ ਭਾਇ ਦੂਜੈ॥ ਜਮਕਾਲੁ ਨ ਸੂਝੈ ਮਾਇਆ ਜਗੁ ਲੂਝੈ ਲਬਿ ਲੋਭਿ ਚਿਤੁ ਲਾਏ॥ ਸੋ ਪਿਰੁ ਸਾਚਾ ਸਦ ਹੀ ਸਾਚਾ ਨਾ ਓਹੁ ਮਰੈ ਨ ਜਾਏ॥੩॥

ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨਾ ਜਾਣੈ ਪਿਰੁ ਨਾਲੇ॥ ਗੁਰ ਪਰਸਾਦੀ ਸਾਚਾ ਪਿਰੁ ਮਿਲੈ ਅੰਤਰਿ ਸਦਾ ਸਮਾਲੇ॥ ਪਿਰੁ ਅੰਤਰਿ ਸਮਾਲੇ ਸਦਾ ਹੈ ਨਾਲੇ ਮਨੁਮੁਖਿ ਜਾਤਾ ਦੂਰੇ॥ ਇਹੁ ਤਨੁ ਰੁਲੈ ਰੁਲਾਇਆ ਕਾਮਿ ਨ ਆਇਆ ਜਿਨਿ ਖਸਮੁ ਨ ਜਾਤਾ ਹਦੂਰੇ॥ ਨਾਨਕ ਸਾ ਧਨ ਮਿਲੈ ਮਿਲਾਈ ਪਿਰੁ ਅੰਤਰਿ ਸਦਾ ਸਮਾਲੇ॥ ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨ ਜਾਣੈ ਪਿਰੁ ਹੈ ਨਾਲੇ॥੪॥੨॥

## ਅਰਥ

ਹੇ ਪਤੀ ਦੀ (ਲੋਚਾ ਵਾਲੀਓ) ਬੀਬੀਓ! (ਅਪਣੇ) ਪਤੀ ਨੂੰ (ਸ਼ਬਦਿ=) ਨਾਮ ਦੁਆਰਾ (ਅਤੇ) ਵੀਚਾਰ ਦੁਆਰਾ ਸੇਵੋ, (ਕਿਉਂਕਿ) ਅਵਗੁਣਾਂ ਵਾਲੀ ਪਤੀ ਨੂੰ ਨਹੀਂ ਜਾਣਦੀ (ਉਹ) ਪਤੀ ਨੂੰ ਵਿਸਾਰ ਕੇ (ਤੇ ਮਾਯਾ ਵਿਚ) ਮੁੱਠੀ ਜਾਕੇ (ਮਗਰੋਂ) ਰੋਂਦੀ ਹੈ। (ਪਰ ਗੁਰਮੁਖ ਰੂਪੀ ਗੁਣਵੰਤੀ) ਰੋਂਦੀ ਹੈ ਪਤੀ ਨੂੰ ਯਾਦ ਕਰਦੀ (ਉਸ ਦੇ) ਗੁਣਾਂ ਨੂੰ ਸਦਾ ਸਿਮਰਦੀ, ਪਤੀ (ਉਸ ਦਾ) ਨਾ (ਕਦੇ) ਮਰਦਾ ਹੈ ਨਾ ਵਿਛੁੜਦਾ ਹੈ (ਭਾਵ ਉਹ ਸਦਾ ਸੁਹਾਗਣ ਹੋ ਜਾਂਦੀ ਹੈ। ਅਰਥਾਤ) ਗੁਰਮੁਖਾਂ ਨੇ (ਪ੍ਰਭੂ ਨੂੰ) ਜਾਣ ਲਿਆ ਹੈ, ਸ਼ਬਦ ਦੁਆਰਾ (ਉਸ ਨੂੰ) ਪਛਾਣ ਲਿਆ ਹੈ (ਸੋ ਓਹ ਉਸ) ਸਚੇ ਦੇ ਪ੍ਰੇਮ ਵਿਚ ਸਮਾਏ ਰਹਿੰਦੇ ਹਨ। (ਪਰ) ਜਿਨ੍ਹਾਂ ਨੇ ਅਪਣਾ ਪਤੀ ਨਹੀਂ (ਸਿਞਾਤਾ) ਉਹ ਕੂੜ ਵਿਚ ਠੱਗੀ ਗਈ ਕੂੜਿਆਰ ਹੈ। ਇਸ ਲਈ ਕੰਤ ਦੀ ਲੋਚਾ ਵਾਲੀਓ ਬੀਬੀਓ! ਸੁਣੋ, ਪਤੀ ਨੂੰ ਸੇਵੋ ਨਾਮ ਦੁਆਰਾ ਤੇ ਵੀਚਾਰ ਦੁਆਰਾ॥੧॥

ਸਾਰਾ ਜਗਤ (ਪ੍ਰਭੂ ਨੇ) ਆਪ ਪੈਦਾ ਕੀਤਾ ਹੈ (ਜੋ) ਸੰਸਾਰ ਕਿ ਆਉਣ ਜਾਣ ਵਾਲਾ ਹੈ। (ਇਸਨੂੰ) ਮਾਇਆ ਦੇ ਮੋਹ ਨੇ ਭੁਲਾ ਦਿੱਤਾ ਹੈ (ਇਸ ਲਈ ਇਹ) ਵਾਰ ਵਾਰ ਜੰਮਦਾ ਮਰਦਾ ਹੈ। (ਹਾਂ) ਵਾਰ ਵਾਰ ਜੰਮਦਾ ਮਰਦਾ ਹੈ। (ਪਰ ਹਰ ਜਨਮ ਇਸ ਦੇ) ਵਿਕਾਰ ਹੀ ਵਧਦੇ ਹਨ (ਜੋ) ਗਿਆਨ ਤੋਂ ਸੱਖਣੀ (ਰਹਿੰਦੀ ਸ੍ਰਿਸ਼ਟੀ ਸਦਾ) ਠੱਗੀ ਹੀ ਜਾਂਦੀ ਹੈ। (ਹਰ ਜਨਮ ਵਿਚ) ਸ਼ਬਦ ਤੋਂ ਸੱਖਣੀ ਰਹਿਣ ਕਰਕੇ ਪਤੀ ਪ੍ਰਾਪਤ ਨਹੀਂ ਹੁੰਦਾ (ਸੋ) ਅਵਗੁਣਿਆਰੀ ਤੇ ਝੂਠੀ (ਸ੍ਰਿਸ਼ਟੀ) ਜਨਮ ਗੁਆ ਕੇ ਰੋਂਦੀ (ਹੀ ਰਹਿੰਦੀ ਹੈ)। ਪਤੀ ਤਾਂ ਜਗਤ ਦਾ ਜੀਵਨ ਹੈ (ਜੋ ਇਹ ਗਲ ਜਾਣ ਲੈਂਦੇ ਹੈਨ ਓਹ ਸਮਝਦੇ ਹੈਨ ਕਿ ਅਸੀਂ ਕਿਉਂ ਤੇ) ਕਿਸਨੂੰ ਰੋਵੀਏ (ਉਹੀ) ਰੋਵੇ ਜੋ ਕੰਤ ਨੂੰ ਵਿਸਾਰੇ। ਸਾਰਾ ਜਗਤ (ਪ੍ਰਭੂ ਨੇ) ਆਪ ਪੈਦਾ ਕੀਤਾ ਹੈ (ਜੋ) ਸੰਸਾਰ ਕਿ ਆਉਣ ਜਾਣ ਵਾਲਾ ਹੈ॥੨॥

ਉਹ ਪਤੀ ਸੱਚਾ (ਹਾਂ) ਸਦਾ ਹੀ ਸੱਚਾ ਹੈ, ਨਾ ਉਹ (ਕਦੇ) ਮਰਦਾ ਹੈ ਨਾ (ਵਿੱਛੁੜਕੇ ਕਿਧਰੇ) ਚਲਾ ਜਾਂਦਾ ਹੈ। ਅਜਾਣ ਇਸਤ੍ਰੀ (ਐਵੇਂ) ਭੁਲੀ ਫਿਰਦੀ ਹੈ, ਦੂਜੇ ਭਾਈ (ਦ੍ਵੈਤ ਭਾਵਨਾ ਕਰਕੇ) ਰੰਡੀ ਹੋਈ ਬੈਠੀ ਹੈ। ਹਾਂ, ਦੂਜੇ ਭਾਇ ਕਰਕੇ ਰੰਡੀ ਹੋਈ ਬੈਠੀ ਹੈ (ਅਰਥਾਤ) ਮਾਇਆ ਦੇ ਮੋਹ ਕਰਕੇ ਦੁਖ ਪਾ ਰਹੀ ਹੈ, (ਇਸੇ ਤਰ੍ਹਾਂ ਦੁਖ ਪਾਉਂਦਿਆਂ) ਉਮਰਾ ਘਟਦੀ ਜਾਂਦੀ ਤੇ ਸਰੀਰ ਖੀਣ ਹੁੰਦਾ ਜਾਂਦਾ ਹੈ। (ਫਿਰ ਬੀ ਨਹੀਂ ਸਮਝਦੀ ਕਿ) ਜੋ ਕੁਛ ਆਇਆ ਹੈ (ਉਹ) ਸਭੋ ਕੁਛ ਚਲਾ ਜਾਏਗਾ (ਤੇ) ਦੂਜੇ ਭਾਇ ਕਰਕੇ (ਸਭ ਨੂੰ) ਦੁਖ ਲੱਗਾ ਹੋਇਆ ਹੈ। (ਇਸ ਤਰ੍ਹਾਂ ਸਾਰਾ ਹੀ) ਜਗਤ ਮਾਇਆ ਪਿਛੇ ਲੜਦਾ ਝਗੜਦਾ ਹੈ (ਤੇ) ਲਬ ਲੋਭ ਵਿਚ ਚਿਤ ਲਾਈ ਰਖਦਾ ਹੈ, (ਪਰ ਇਸ ਨੂੰ ਕਦੇ) ਜਮ ਕਾਲ ਨਹੀਂ ਖਿਆਲ ਵਿਚ ਆਉਂਦਾ। (ਹਾਂ,) ਉਹ ਪਤੀ ਸੱਚਾ ਹੈ, ਸਦਾ ਹੀ ਸੱਚਾ ਹੈ, ਓਹ ਨਾ (ਕਦੇ) ਮਰਦਾ ਹੈ (ਤੇ) ਨਾ (ਵਿੱਛੁੜਕੇ ਕਿਧਰੇ) ਜਾਂਦਾ ਹੈ॥੩॥

ਇਕ ਪਤੀ ਨੂੰ ਭੁਲਾ ਕੇ ਰੋਂਦੀਆਂ ਹਨ, ਅੰਨ੍ਹੀਆਂ ਨਹੀਂ ਸਮਝਦੀਆਂ ਕਿ ਪਤੀ (ਸਦਾ) ਨਾਲ ਹੈ, (ਅਤੇ ਨਹੀਂ ਸਮਝਦੀਆਂ ਕਿ ਉਹ) ਸੱਚਾ ਪਤੀ ਗੁਰੂ ਦੀ ਕ੍ਰਿਪਾ ਨਾਲ ਮਿਲਦਾ ਹੈ (ਤੇ ਉਸ ਨੂੰ) ਮਨ ਵਿਚ (ਸਦਾ) ਯਾਦ ਕਰਦੇ ਰਹਿਣਾ ਹੈ। (ਹਾਂ) ਪਤੀ ਸਦਾ ਨਾਲ ਹੈ, (ਚਾਹੀਦਾ ਹੈ ਕਿ ਉਸ ਨੂੰ ਆਪਣੇ ਮਨ) ਵਿਚ ਸਦਾ ਸੰਮ੍ਹਾਲਣ, (ਪਰ) ਮਨਮੁਖਾਂ ਨੇ (ਉਸ ਨੂੰ) ਦੂਰ ਜਾਣਿਆ ਹੈ। ਇਹ ਸਰੀਰ, (ਜਿਸ ਦੇ ਭੋਗਾਂ ਪਿਛੇ) ਜਿਨ੍ਹਾਂ (ਮਨਮੁਖਾਂ ਨੇ) ਖਸਮ ਨੂੰ ਹਾਜ਼ਰਾ ਹਜ਼ੂਰ ਨਹੀਂ ਪਛਾਤਾ, ਰੁਲੇਗਾ ਤੇ ਰੁਲਾਇਆ ਜਾਏਗਾ ਤੇ ਕਿਸੇ ਕੰਮ ਨਹੀਂ ਆਵੇਗਾ। ਹੇ ਨਾਨਕ! ਉਹ ਇਸਤ੍ਰੀ (ਗੁਰੂ ਦੀ) ਮਿਲਾਈ (ਪਤੀ ਪਰਮੇਸ਼ੁਰ ਨੂੰ) ਮਿਲ ਪੈਂਦੀ ਹੈ (ਜੋ ਅਪਣੇ) ਅੰਦਰ ਪਤੀ ਨੂੰ ਸਦਾ ਯਾਦ ਰਖਦੀ ਹੈ। (ਹਾਂ) ਇਕ ਪਤੀ ਨੂੰ ਭੁਲਾ ਕੇ ਰੋਂਦੀਆਂ ਹਨ, ਅੰਨ੍ਹੀਆਂ ਨਹੀਂ ਸਮਝਦੀਆਂ ਕਿ ਪਤੀ (ਤਾਂ ਸਦਾ) ਨਾਲ ਹੈ॥੪॥੨॥

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2021-22-23
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਸੋਨੀਆ ਧਾਮੀ ਵੱਲੋਂ ਗੁਰੂ ਤੇਗ਼ ਬਹਾਦਰ ਸਾਹਿਬ ਬਾਰੇ ਪੇਸ਼ਕਾਰੀ ਅਤੇ ਲੈਕਚਰ

ਨਵੀਂ ਦਿੱਲੀ, 26 ਜੂਨ 2021 : ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵੱਲੋਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਚੌਥੀ ਜਨਮ-ਸ਼ਤਾਬਦੀ ਨੂੰ ਸਮਰਪਿਤ ਹੁੰਦਿਆਂ ਦ ਸਿੱਖ ਫਾਊਂਡੇਸ਼ਨ ਇੰਟਰਨੈਸ਼ਨਲ, ਯੂਐਸਏ ਦੀ ਟਰਸਟੀ ਅਤੇ ਆਰਟੈਂਡ ਟਾਲਰੈਂਸ ਡਾਟਕਾਮ ਦੀ ਪ੍ਰੈਜ਼ੀਡੈਂਟ ਬੀਬੀ ਸੋਨੀਆ ਧਾਮੀ ਨੇ ਗੁਰੂ ਸਾਹਿਬ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਦਰਸਾਉਂਦੀਆਂ ਵੱਖ-ਵੱਖ ਕਲਾਕ੍ਰਿਤਾਂ ਦੇ ਆਧਾਰ ਤੇ ਪਾਵਰ ਪੁਆਇੰਟ ਪੇਸ਼ਕਾਰੀ ਕਰਦਿਆਂ ਲੈਕਚਰ ਦਿੱਤਾ। ਇਸਦੀ ਪ੍ਰਧਾਨਗੀ ਇੰਸਟੀਟਿਊਟ ਆਫ਼ ਗਲੋਬਲ ਸਟੱਡੀਜ਼, ਨਵੀਂ ਦਿੱਲੀ ਦੇ ਪ੍ਰੈਜ਼ੀਡੈਂਟ ਅੰਬੈਸੇਡਰ ਅਸ਼ੋਕ ਸੱਜਣਹਾਰ ਨੇ ਕੀਤੀ।

ਪ੍ਰੋਗਰਾਮ ਦਾ ਆਰੰਭ ਕਰਦਿਆਂ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਸਭ ਨੂੰ ਜੀਓ ਆਇਆਂ ਕਹਿੰਦਿਆਂ ਡਾ. ਮਨਮੋਹਨ ਸਿੰਘ ਦੀ ਅਗੁਵਾਈ ’ਚ ਚਲ ਰਹੇ ਸਦਨ ਵੱਲੋਂ ਸਮੇਂ-ਸਮੇਂ ਹੁੰਦੀਆਂ ਗਤੀਵਿਧੀਆਂ ਦਾ ਸੰਖੇਪ ’ਚ ਵਰਣਨ ਕੀਤਾ ਅਤੇ ਹਾਜ਼ਰ ਪ੍ਰਮੁੱਖ ਵਕਤਿਆਂ ਬਾਰੇ ਦੱਸਿਆ। ਬੀਬੀ ਸੋਨੀਆ ਧਾਮੀ ਨੇ ਪਾਵਰ ਪੁਆਇੰਟ ਪੇਸ਼ਕਾਰੀ ਰਾਹੀਂ ਗੁਰੂ ਤੇਗ਼ ਬਹਾਦਰ ਸਾਹਿਬ ਦੇ ਜੀਵਨ ਦੇ ਵੱਖ-ਵੱਖ ਪੱਖਾਂ ਨੂੰ ਵੱਖ-ਵੱਖ ਕਲਾਕਾਰਾਂ ਰਾਹੀਂ ਬਣਾਈਆਂ ਕਲਾਕ੍ਰਿਤਾਂ ਦੇ ਮਾਧਿਅਮ ਰਾਹੀਂ ਉਘਾੜਿਆ। ਇਹਨਾਂ ਕਲਾਕ੍ਰਿਤਾਂ ’ਚ ਸੋਭਾ ਸਿੰਘ, ਕਿਰਪਾਲ ਸਿੰਘ, ਜਸਵੰਤ ਸਿੰਘ, ਵਿਜੈ ਬੋਧਰਾਜ, ਦਵਿੰਦਰ ਸਿੰਘ, ਫੂਲਾਂ ਰਾਨੀ, ਅਰਪਨਾ ਕੌਰ ਆਦਿ ਰਾਹੀਂ ਬਣਾਈਆਂ ਪੇਂਟਿੰਗਜ਼ ਸ਼ਾਮਲ ਸਨ। ਗੁਰੂ ਸਾਹਿਬ ਨਾਲ ਸੰਬੰਧਤ ਇਤਿਹਾਸਕ ਅਸਥਾਨਾਂ ਤੇ ਬਣੇ ਕੰਧ ਚਿੱਤਰਾਂ ਤੋਂ ਇਲਾਵਾ ਪੋਰਟਰੇਟਸ ਅਤੇ ਹੱਥਲਿਖਤਾਂ ਵੀ ਇਸ ਪੇਸ਼ਕਾਰੀ ਦਾ ਹਿੱਸਾ ਬਣੀਆਂ। ਇਹਨਾਂ ਚਿੱਤਰਾਂ ’ਚ ਮੁਗ਼ਲ ਕਾਲ ਦੀਆਂ ਪੇਂਟਿੰਗਜ਼ ਦੇ ਨਾਲ-ਨਾਲ ਆਧੁਨਿਕ ਕਾਲ ਦੇ ਚਿੱਤਰ ਵੀ ਸਨ ਜਿਨ੍ਹਾਂ ਵਿਚੋਂ ਸਿੱਖ ਕਲਾ ਦਾ ਨਿਵੇਕਲਾ ਮੁਹਾਂਦਰਾ ਆਪਣੀ ਹੋਂਦ ਗ੍ਰਹਿਣ ਕਰ ਰਿਹਾ ਸੀ। ਇਹਨਾਂ ਵਿਚੋਂ ਬਹੁਤ ਸਾਰੀਆਂ ਕਲਾਕ੍ਰਿਤੀਆਂ ਭਾਰਤ ਅਤੇ ਵਿਦੇਸ਼ਾਂ ਦੇ ਨਿਜੀ ਸੰਗ੍ਰਹਾਲਿਆਂ ਤੋਂ ਇਲਾਵਾ ਗੁਰਦੁਆਰਿਆਂ ਦਾ ਵੀ ਸ਼ਿੰਗਾਰ ਹਨ। ਸੋਨੀਆ ਧਾਮੀ ਅਨੁਸਾਰ ਗੁਰੂ ਤੇਗ਼ ਬਹਾਦਰ ਸਾਹਿਬ ਦੇ ਜੀਵਨ ਦੇ ਵੱਖ-ਵੱਖ ਪੱਖਾਂ ਨੂੰ ਦਰਸਾਉਂਦੀਆਂ ਇਨ੍ਹਾਂ ਕਲਾਕ੍ਰਿਤੀਆਂ ਨੂੰ ਵਿਰਸੇ ਪੱਖੋਂ ਸੰਭਾਲਣ ਤੇ ਸੁਰੱਖਿਅਤ ਕਰਨ ਦੀ ਬਹੁਤ ਲੋੜ ਹੈ ਤਾਂ ਜੋ ਕਲਾ ਅਤੇ ਮਾਰਗ-ਦਰਸ਼ਕ ਵਿਰਸਾ ਦੋਵੇਂ ਮਹਿਫੂਜ਼ ਰਹਿ ਸਕਣ।


ਸੋਨੀਆ ਧਾਮੀ


ਅੰਬੈਸੇਡਰ ਅਸ਼ੋਕ ਸੱਜਣਹਾਰ


ਡਾ. ਮਹਿੰਦਰ ਸਿੰਘ


ਡਾ. ਰਵੇਲ ਸਿੰਘ

ਅੰਬੈਸੇਡਰ ਅਸ਼ੋਕ ਸੱਜਣਹਾਰ ਨੇ ਆਪਣੇ ਪ੍ਰਧਾਨਗੀ ਭਾਸ਼ਣ ’ਚ ਸੋਨੀਆ ਧਾਮੀ ਰਾਹੀਂ ਪਿਛਲੀਆਂ ਪੰਜ ਸਦੀਆਂ ਦੇ ਇਤਿਹਾਸ ਨੂੰ ਕਲਾਕ੍ਰਿਤੀਆਂ ਦੇ ਮਾਧਿਅਮ ਰਾਹੀਂ ਆਪਣੀ ਪੇਸ਼ਕਾਰੀ ਦਾ ਹਿੱਸਾ ਬਣਾ ਕੇ ਪੇਸ਼ ਕਰਨ ਦੀ ਪ੍ਰਸੰਸਾ ਕਰਦਿਆਂ ਇਸਦੀ ਡਿਜੀਟਲ ਸੰਭਾਲ ਤੇ ਜ਼ੋਰ ਦਿੱਤਾ। ਉਹਨਾਂ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ ਦਾ ਵਰਣਨ ਕਰਦਿਆਂ ਉਹਨਾਂ ਦੀ ਸ਼ਹਾਦਤ ਨੂੰ ਧਰਮ ਅਤੇ ਮਨੁੱਖੀ ਅਧਿਕਾਰਾਂ ਦੀ ਆਜ਼ਾਦੀ ਦੇ ਵੱਡੇ ਪ੍ਰਸੰਗ ’ਚ ਉਭਾਰਿਆ। ਉਹਨਾਂ ਅਨੁਸਾਰ ਸਾਨੂੰ ਉਹਨਾਂ ਦੇ ਜੀਵਨ ’ਚੋਂ ਅਨਿਆਂ ਖ਼ਿਲਾਫ਼ ਖੜੇ ਹੋਣ ਅਤੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਦੀ ਸਿੱਖਿਆ ਮਿਲਦੀ ਹੈ। ਸਿੱਖ ਭਾਈਚਾਰੇ ਵੱਲੋਂ ਆਜ਼ਾਦੀ ਅਤੇ ਹਰ ਸੰਕਟ ਵੇਲੇ ਪਾਏ ਜਾਂਦੇ ਯੋਗਦਾਨ ਪਿੱਛੇ ਗੁਰੂ ਸਾਹਿਬ ਦਾ ਇਹ ਕੁਰਬਾਨੀ ਭਰਿਆ ਵਿਰਸਾ ਮੌਜੂਦ ਹੈ। ਅਖ਼ੀਰ ’ਚ ਡਾ. ਰਵੇਲ ਸਿੰਘ ਨੇ ਗੁਰੂ ਸਾਹਿਬ ਦੇ ਜੀਵਨ ਦੇ ਬਿਰਤਾਂਤਕ ਸੱਚ ਨੂੰ ਉਘਾੜਦੇ ਵੇਰਵਿਆਂ ਨਾਲ ਜੁੜਨ ਦਾ ਸੰਦੇਸ਼ ਦਿੰਦਿਆਂ ਇਸ ਆਨਲਾਈਨ ਚਰਚਾ ’ਚ ਹਾਜ਼ਰ ਵਕਤਿਆਂ ਤੇ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ।

❖ ❖ ❖ ❖